




# ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਬਿੰਬਾਂ ਦਾ ਇਕੱਤਰੀਕਰਨ ਅਤੇ ਅਧਿਐਨ

ਬਿੰਬ ਜਿੱਥੇ ਕਿਸੇ ਰਚਨਾ ਨੂੰ ਸੁਹਜ ਬਖ਼ਸ਼ਦੇ ਹਨ ਉਥੇ ਉਹ ਨਾਲ ਨਾਲ ਵਸਤੂ ਨੂੰ ਸਮਝਣ ਵਿਚ ਸਹਾਇਤਾ ਵੀ ਕਰਦੇ ਹਨ। ਭਾਰਤੀ ਸੰਸਕ੍ਰਿਤ ਅਚਾਰੀਆਂ ਨੇ ਬਿੰਬ ਨੂੰ ਕਾਵਿ ਦਾ ਜ਼ਰੂਰੀ ਤੱਤ ਨਹੀਂ ਮੰਨਿਆ ਸੀ। ਉਹ ਬਿੰਬਤਾਮਕ ਸ਼ੈਲੀ ਵਰਗੀ ਕਾਵਿ ਸ਼ੈਲੀ ਨੂੰ ਸਦ੍ਰਿਸ਼ਤਾ (figures based on similarities) ਅਰਥ ਅਲੰਕਾਰ ਉਪਮਾ, ਰੂਪਕ, ਪ੍ਰਤੀਕ ਆਦਿ ਦੇ ਅਧੀਨ ਹੀ ਇਸਨੂੰ ਗਿਣਦੇ ਸਨ।

ਪ੍ਰਾਚੀਨ ਯੂਰਪ ਵਿਚ ਵੀ ਬਿੰਬ ਨੂੰ ਕਵਿਤਾ ਦਾ ਇਕ ਸੁਹਜਮਈ ਸਾਧਨ ਹੀ ਮੰਨਿਆ ਜਾਂਦਾ ਰਿਹਾ ਹੈ। ਬਿੰਬ ਨੂੰ ਕੋਈ ਖਾਸ ਤਵੱਜੋ ਨਹੀਂ ਦਿੱਤੀ ਜਾਂਦੀ ਸੀ। ਸੀ.ਡੀ. ਲਵਿਸ ਨੇ ਇਸ ਬਾਰੇ ਲਿਖਿਆ ਹੈ ਕਿ, "ਯੂਰਪ ਵਿਚ ਸੋਲਵੀਂ ਸਤਾਰਵੀਂ ਤੇ ਅਠਾਰਵੀਂ ਸਦੀ ਦੇ ਆਲੋਚਕ ਬਿੰਬਾਂ ਨੂੰ ਸਾਜ ਸਜਾਵਟ ਤੇ ਸਿਰਫ ਹਾਰ ਸ਼ਿੰਗਾਰ ਦੀ ਸ਼ਕਲ ਵਿਚ ਸਮਝ ਕੇ ਹੀ ਉਨ੍ਹਾਂ ਬਾਰੇ ਲਿਖਦੇ ਪੜ੍ਹਦੇ ਸਨ। ਬਿੰਬਾਂ ਦਾ ਆਧੁਨਿਕ ਅਰਥਾਂ ਵਿਚ ਵਿਚਾਰ ਤਾਂ ਅੰਗਰੇਜ਼ੀ ਸਾਹਿਤ ਦੇ ਰੋਮਾਂਟਿਕ ਅੰਦੋਲਨ ਤੋਂ ਸ਼ੁਰੂ ਹੁੰਦਾ ਹੈ।[1]

ਘਾੜਤਾਂ ਬਿੰਬਾਂ ਦੇ ਜ਼ਰੀਏ ਸਮੂਰਤ ਹੋ ਜਾਂਦੀਆਂ ਹਨ। ਚਿਤਰਾਤਮਕ (Pictarial) ਹੋਣਾ ਬਹੁਤ ਜ਼ਰੂਰੀ ਹੈ। ਚਿਤਰਾਤਮਕ ਸ਼ਕਤੀ ਲੇਖਕ ਨੂੰ ਜਮਾਂਦਰੂ ਮਿਲੀ ਹੁੰਦੀ ਹੈ। ਲੇਖਕ ਦੀ ਆਪਣੀ ਕਾਲਪਨਿਕ ਸ਼ਕਤੀ ਇਹ ਤਸਵੀਰਾਂ ਬਣਾਉਂਦੀ ਹੈ। ਇਹ ਚਿਤਰਾਤਮਕ ਭਾਸ਼ਾ ਹੀ ਬਿੰਬਾਂ ਨੂੰ ਘੜਦੀ ਅਤੇ ਉਸਾਰਦੀ ਹੈ। H.Calldwell ਅਨੁਸਾਰ, "He first and most familiar function of imagination is the pictorial power, the power of creating images not actually visible or even existent". (ਕਲਪਨਾ ਦਾ ਪਹਿਲਾ ਤੇ ਜਾਣਿਆ ਪਛਾਣਿਆ ਕਰਤੱਵ ਚਿੱਤਰ ਸ਼ਕਤੀ ਹੈ ਇਸ ਦੁਆਰਾ ਬਿੰਬਾਂ ਨੂੰ ਸਿਰਜਿਆ ਜਾਂਦਾ ਹੈ)[2]



**ਡਾ .ਸਵਰਨਜੀਤ ਕੌਰ ਸੰਮੀ**
ਅਸਿਸਟੈਂਟ ਪ੍ਰੋਫ਼ੈਸਰ
ਲਕਸ਼ਮੀਬਾਈ ਕਾਲਜ,ਦਿੱਲੀ
8968479774
dr.swaranjitsammi@gmail.com

ਲੇਖਕ ਆਪਣੇ ਵਿਸ਼ਾਲ ਅਨੁਭਵ ਵਿਚੋਂ ਬਹੁਤ ਸਾਰੀਆਂ ਗੱਲਾਂ ਨੂੰ ਆਪਣੀ ਕਲਪਨਾ ਦੇ ਬਲਬੂਤੇ 'ਤੇ ਕੁੱਝ ਸ਼ਬਦ ਚਿੱਤਰ ਉਲੀਕਦਾ ਹੈ। ਇਹ ਸ਼ਬਦ ਚਿੱਤਰ ਸਾਡੇ ਦਿਮਾਗ ਵਿਚ ਆਉਂਦਿਆਂ ਹੀ ਨਵੇਂ ਅਰਥ ਪੈਦਾ ਕਰਦੇ ਹਨ। ਇਹ ਹੀ ਬਿੰਬ ਅਖਵਾਉਂਦੇ ਹਨ। ਬਿੰਬ ਨੂੰ ਥੋੜ੍ਹੇ ਸ਼ਬਦਾਂ ਵਿਚ ਪ੍ਰਭਾਸ਼ਿਤ ਕਰਦਾ ਹੋਇਆ C.D. Lewis ਲਿਖਦਾ ਹੈ, "ਸਧਾਰਨ ਸ਼ਬਦਾਂ ਵਿਚ ਕਾਵਿਕ ਬਿੰਬ ਸ਼ਬਦਾਂ ਤੋਂ ਬਣੀ ਹੋਈ ਇਕ ਤਸਵੀਰ ਹੁੰਦਾ ਹੈ।"[3] ਅੱਗੇ ਚੱਲ ਕੇ ਉਹ ਹੋਰ ਸਪੱਸ਼ਟ ਕਰਦਾ ਹੋਇਆ ਆਖਦਾ ਹੈ ਕਿ, "ਬਿੰਬ ਬਾਹਰੀ ਯਥਾਰਥ ਦੀ ਸੰਪੂਰਨ ਤਸਵੀਰ ਪੇਸ਼ ਕਰਨ ਦਾ ਯਤਨ ਹੁੰਦਾ ਹੈ।"[4] ਇਸ ਪ੍ਰਕਾਰ ਬਿੰਬ ਮਨੁੱਖ ਦੀਆਂ ਗਿਆਨ ਇੰਦਰੀਆਂ ਨੂੰ ਮੰਤਰ ਮੁਗਧ ਕਰਨ ਵਿਚ ਸਹਾਈ ਹੁੰਦਾ ਹੈ। ਬਿੰਬ ਵਿਚ ਕਿਸੇ ਚੀਜ਼

ਦਾ ਵਰਣਨ ਨਹੀਂ ਕੀਤਾ ਗਿਆ ਹੁੰਦਾ ਇਹ ਅਲੰਕਾਰਕ ਤਰੀਕੇ ਨਾਲ ਕੀਤੀ ਗਈ ਪੇਸ਼ਕਾਰੀ ਹੁੰਦੀ ਹੈ ਪਰ ਇਸਨੂੰ ਅਸੀਂ ਅਲੰਕਾਰ ਦੀ ਕਸੌਟੀ ਅੰਦਰ ਨਹੀਂ ਰੱਖ ਸਕਦੇ। ਇਹ ਮਨ ਅੰਦਰ ਪੈਦਾ ਹੋਈਆਂ ਮੂਰਤਾਂ ਨੂੰ ਸ਼ਬਦ ਚਿੱਤਰਾਂ ਰਾਹੀਂ ਪੇਸ਼ ਕਰਦਾ ਹੈ। ਬਿੰਬ ਦਾ ਸੁਭਾ ਕਿਸੇ ਚੀਜ਼ ਵੱਲ ਇਸ਼ਾਰਾ ਕਰਨਾ ਹੁੰਦਾ ਹੈ ਇਹ ਇਸ਼ਾਰਾ ਹੀ ਉਸ ਦੀ ਜਿੰਦ ਜਾਨ ਹੈ।

ਇਹ ਇਸ਼ਾਰਾ ਅਜਿਹਾ ਹੁੰਦਾ ਹੈ ਕਿ ਪਹਿਲਾਂ ਦੇਖੀਆਂ ਚੀਜ਼ਾਂ ਇਸ ਤਰ੍ਹਾਂ ਮਹਿਸੂਸ ਹੋਣ ਲੱਗਦੀਆਂ ਹਨ ਜਿਵੇਂ ਹੁਣ ਤਕ ਇਨ੍ਹਾਂ ਵੱਲ ਕਦੇ ਧਿਆਨ ਹੀ ਨਾ ਗਿਆ ਹੋਵੇ। ਬਿੰਬ ਦੇ ਸ਼ਬਦਾਂ ਦੀ ਗਿਣਤੀ ਬਹੁਤ ਸੀਮਤ ਹੁੰਦੀ ਹੈ ਪਰ ਅਰਥ ਬਹੁਤ ਵਿਸਥਾਰਮਈ ਹੁੰਦਾ ਹੈ। ਜੇਕਰ ਬਿੰਬ ਦੀਆਂ ਕਿਸਮਾਂ ਦੀ ਗੱਲ ਕਰੀਏ ਤਾਂ ਮਨੋਵਿਗਿਆਨੀ ਬਿੰਬ ਦੇ ਭੇਦਾਂ ਨੂੰ ਗਿਆਨ ਇੰਦਰੀਆਂ ਨਾਲ ਜੋੜ ਕੇ ਦੇਖਦੇ ਹਨ। ਉਹ ਜਿੰਨੀਆਂ ਗਿਆਨ ਇੰਦਰੀਆਂ ਹਨ ਉਨੇ ਹੀ ਬਿੰਬ ਦੇ ਭੇਦ ਬਣਾਉਂਦੇ ਹਨ ਜਿਵੇਂ ਕਿ ਰੂਪ ਬਿੰਬ, ਸ਼ਬਦ ਬਿੰਬ, ਰਸ ਬਿੰਬ, ਗੰਧ ਬਿੰਬ, ਸਪਰਸ਼ ਬਿੰਬ (ਕ੍ਰਮਵਾਰ-ਅੱਖ, ਕੰਨ, ਜੀਭ, ਨੱਕ, ਚਮੜੀ) ਇਸਦੇ ਭੇਦ ਮੰਨੇ ਗਏ ਹਨ। ਰਾਬਨ ਸਕੇਲਟਨ ਨੇ ਬਿੰਬ ਦੀ ਵਰਗ ਵੰਡ ਦੇ ਪੰਜ ਅਧਾਰ ਬਣਾਏ ਹਨ।

1. ਪ੍ਰਤੀਕ ਮੂਲਕ ਬਿੰਬ
2. ਅਨਿਓਕਤੀ ਮੂਲਕ ਬਿੰਬ
3. ਚਿੰਨ੍ਹ ਮੂਲਕ ਬਿੰਬ
4. ਰੂਪਕ ਮੂਲਕ ਬਿੰਬ
5. ਉਪਮਾ ਮੂਲਕ ਬਿੰਬ

P. Gurrey ਨੇ ਆਪਣੀ ਪੁਸਤਕ **The Appreciation of poetry** ਵਿਚ ਲਿਖਿਆ ਹੈ ਕਿ, "ਅਸੀਂ ਬਿੰਬਾਵਲੀ ਇਸ ਖਾਤਰ ਵਰਤਦੇ ਹਾਂ ਕਿ ਜਿਸ ਤੱਥ ਤੋਂ ਅਸੀਂ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ ਹਾਂ ਉਸ ਵੱਲ ਸ੍ਰੋਤਿਆਂ ਦਾ ਰਜੂਹ ਪੈਦਾ ਕਰੀਏ।"[5] ਬਿੰਬ ਕਲਪਨਾ ਦੀ ਉਡਾਰੀ ਨੂੰ ਉਚਿਆਂ ਅਸਮਾਨਾਂ ਵੱਲ ਉਡਾਣ ਭਰਨ ਵਿਚ ਮਦਦ ਕਰਦਾ ਹੈ। ਬਿੰਬ ਤਜ਼ਰਬਿਆਂ ਵਿਚੋਂ ਹਾਸਲ ਹੁੰਦੇ ਹਨ। ਲੇਖਕ ਆਲੇ ਦੁਆਲੇ ਦੇ ਵਰਤਾਰੇ ਨੂੰ ਅਣਗੌਲਿਆ ਨਹੀਂ ਕਰਦਾ। ਉਸ ਦੀ ਦ੍ਰਿਸ਼ਟੀ ਹਰ ਘਟਨਾ, ਦ੍ਰਿਸ਼, ਹਾਲਤਾਂ ਅਤੇ ਤੱਥਾਂ ਤੇ ਟਿਕੇ ਬਿਨ੍ਹਾਂ ਨਹੀਂ ਰਹਿ ਸਕਦੀ। ਇਹ ਹੀ ਉਸਨੂੰ ਮਹਾਨ ਲੇਖਕ ਬਣਾਉਂਦੀ ਹੈ। ਇਸੇ ਵਿਚੋਂ ਬਿੰਬਾਂ ਦੀ ਪੈਦਾਵਰ ਹੁੰਦੀ ਹੈ।

ਬਿੰਬ ਰਚਨਾ ਵਿਚ ਰਚੇ ਮਿਚੇ ਹੋਣ ਤਦ ਹੀ ਸੋਭਾ ਦਿੰਦੇ ਹਨ। ਮੱਲੋ ਜ਼ੋਰੀ ਪਾਏ ਗਏ ਬਿੰਬ ਰਚਨਾ ਨੂੰ ਬੇਰਸਾ ਬਣਾ ਦਿੰਦੇ ਹਨ। ਇਸ ਲਈ ਇਨ੍ਹਾਂ ਦੀ ਚੋਣ ਕਰਨ ਵੇਲੇ ਬਹੁਤ ਧਿਆਨ ਦੇਣ ਦੀ ਲੋੜ ਹੁੰਦੀ ਹੈ। ਵੀਹਵੀਂ ਸਦੀ ਵਿਚ ਬਿੰਬ ਦੀ ਮਹੱਤਤਾ ਏਨੀ ਵਧ ਗਈ ਸੀ ਕਿ 'ਬਿੰਬ ਸਿਧਾਂਤ' (Omagism) ਇਕ ਵੱਖਰਾ ਸਕੂਲ ਸਥਾਪਿਤ ਹੋ ਗਿਆ ਸੀ। ਬਿੰਬਵਾਦੀ ਸਕੂਲ ਨੂੰ 1912 ਵਿਚ ਲੰਡਨ ਵਿਖੇ ਸਥਾਪਿਤ ਕੀਤਾ ਗਿਆ। ਆਪਣੀਆਂ ਕੁੱਝ ਸੀਮਾਵਾਂ ਦੇ ਕਾਰਨ ਇਹ ਸਕੂਲ ਪਹਿਲੇ ਵਿਸ਼ਵ ਯੁੱਧ ਵੇਲੇ 1914 ਵਿਚ ਇਕ ਤਰ੍ਹਾਂ ਨਾਲ ਖਤਮ ਹੋ ਗਿਆ। ਉਂਝ ਤਾਂ ਬਿੰਬ ਕਵਿਤਾ ਦਾ ਜ਼ਰੂਰੀ ਤੱਤ ਮੰਨਿਆ ਜਾਂਦਾ ਰਿਹਾ ਹੈ ਪਰ ਗਲਪ ਰਚਨਾਵਾਂ ਵਿਚ ਵਰਤੇ ਗਏ ਬਿੰਬ ਵੀ ਰਚਨਾ ਦੀ ਸੋਭਾ ਵਧਾ ਦਿੰਦੇ ਹਨ।

ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦਾ ਇਹ ਮੀਰੀ ਗੁਣ ਹੈ ਕਿ ਉਸ ਵਿਚ ਬਿੰਬਾਂ ਦੀ ਵਰਤੋਂ ਬਹੁਤ ਕੀਤੀ ਗਈ ਹੈ। ਇਹ ਇੰਨੇ ਸੁਚੱਜੇ ਢੰਗ ਨਾਲ ਕੀਤੀ ਗਈ ਹੈ ਕਿ ਉਸਦੇ ਬਿੰਬਾਂ ਦੀ ਚੋਣ ਉਸਨੂੰ ਪਹਿਲੀ ਕਤਾਰ ਦਾ ਕਹਾਣੀਕਾਰ ਬਣਾ ਦਿੰਦੇ ਹਨ। **ਮੇਰੀਆਂ ਸਾਰੀਆਂ ਕਹਾਣੀਆਂ** ਪੁਸਤਕ ਦੇ ਆਧਾਰ 'ਤੇ ਵਿਰਕ ਦੀਆਂ ਕਹਾਣੀਆਂ ਵਿਚ ਪੇਸ਼ ਹੇਠਾਂ ਦਿੱਤੇ ਬਿੰਬਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

ਕਹਾਣੀ 'ਚਾਰ ਚਿੱਠੀਆਂ' ਵਿਚ ਦੋ ਚਿੱਠੀਆਂ ਭਗਵੰਤ ਸਤਿੰਦਰ ਨੂੰ ਲਿਖਦਾ ਹੈ ਤੇ ਸਤਿੰਦਰ ਦੋਵਾਂ ਚਿੱਠੀਆਂ ਦਾ ਜਵਾਬ ਭਗਵੰਤ ਨੂੰ ਦਿੰਦੀ ਹੈ। ਉਹ ਵਿਆਹ ਕਰਵਾਉਣ ਤੋਂ ਲੇਟ ਹੋ ਗਿਆ ਹੈ। ਇਸ ਲਈ ਉਹ ਸਤਿੰਦਰ ਨੂੰ ਆਪਣੇ ਵਾਸਤੇ ਕੁੜੀ ਲੱਭਣ ਨੂੰ ਕਹਿੰਦਾ ਹੈ। ਉਹ ਆਪਣੇ ਬਾਰੇ ਦੱਸਦਾ ਹੈ ਕਿ ਮੈਨੂੰ ਨਹੀਂ ਪਤਾ ਮੈਂ ਕਿਹੋ ਜਿਹਾ ਹਾਂ ਤੇ ਆਪਣੇ ਬਾਰੇ ਜਾਨਣ ਦਾ ਵਕਤ ਹੀ ਲੰਘ ਗਿਆ ਹੈ। ਉਸ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਮੇਲੇ ਵਿਚ ਕੋਈ ਆਪਣੇ ਸਾਰੇ ਪੈਸੇ ਖਰਚ ਕਰਕੇ ਫਿਰ ਚੀਜ਼ਾਂ ਦੇ ਭਾਅ ਪੁੱਛਦਾ ਫਿਰੇ।" (ਪੰਨਾ 51.)

ਕਹਾਣੀ 'ਚੋਬੜ' ਵਿਚ ਭਗਵੰਤ ਪੜ੍ਹ ਲਿਖ ਕੇ ਵਿਹਲਾ ਤੁਰਿਆ ਫਿਰਦਾ ਸੀ। ਉਸ ਦੀ ਬਚਪਨ ਦੀ ਦੋਸਤ ਜੀਤਾ ਨੂੰ ਭਗਵੰਤ ਦਾ ਇਸ ਤਰ੍ਹਾਂ ਵਿਹਲਾ ਤੁਰਿਆ ਫਿਰਨਾ ਪਸੰਦ ਨਹੀਂ ਸੀ। ਭਗਵੰਤ ਜੀਤਾ ਕੋਲ ਆ ਕੇ ਹਮੇਸ਼ਾ ਰਾਹਤ ਮਹਿਸੂਸ ਕਰਦਾ ਹੁੰਦਾ ਸੀ ਪਰ ਜਦੋਂ ਇਕ ਦਿਨ ਭਗਵੰਤ ਮਿਸਿਜ਼ ਦੁੱਗਲ ਦੇ ਕਹੇ ਤੇ

ਗੁਰਪੁਰਬ ਲਈ ਚੰਦਾ ਇਕੱਠਾ ਕਰਨ ਜੀਤਾ ਦੇ ਘਰ ਗਿਆ ਤਾਂ ਜੀਤਾ ਨੇ ਉਸ ਨੂੰ ਤਾਹਨਾ ਮਾਰਿਆ ਕਿ ਉਹ ਇਕ ਬਦਨਾਮ ਔਰਤ ਕੰਵਲ ਦੇ ਕਹਿਣ ਤੇ ਗਲੀ ਗਲੀ ਚੰਦਾ ਮੰਗਦਾ ਤੁਰਿਆ ਫਿਰਦਾ ਸੀ। ਉਸ ਵੇਲੇ ਭਗਵੰਤ ਦੀ ਹਾਲਤ ਨੂੰ ਬਿਆਨ ਇਸ ਬਿੰਬ ਰਾਹੀਂ ਕੀਤਾ ਗਿਆ ਹੈ, "ਜਿਸ ਬਰੂਟੀ ਵਿਚ ਤਿੱਤਰ ਹਫਿਆ ਹੋਇਆ, ਸ਼ਿਕਾਰੀਆਂ ਤੋਂ ਜਾਨ ਬਚਾਉਣ ਲਈ ਆ ਕੇ ਦਮ ਲੈਂਦਾ ਸੀ। ਉਸ ਬਰੂਟੀ ਵਿਚੋਂ ਅੱਜ ਝੁਲਸ ਦੇਣ ਵਾਲੀ ਹਵਾੜ ਆ ਰਹੀ ਸੀ।" (ਪੰਨਾ 61.)

'ਬੰਦ ਤਾਕੀਆਂ' ਕਹਾਣੀ ਵਿਚ ਮੈਂ - ਪਾਤਰ ਕਿਸੇ ਦੇ ਘਰ ਕੁੜੀ ਨੂੰ ਟਿਊਸ਼ਨ ਪੜ੍ਹਾਉਂਦਾ ਸੀ। ਕੁੜੀ ਮੁੰਡੇ ਕੋਲੋਂ ਪੜ੍ਹ ਕੇ ਬਹੁਤ ਖੁਸ਼ ਹੁੰਦੀ ਸੀ। ਇਕ ਦਿਨ ਜ਼ਰਾਇਤ ਮਹਿਕਮੇ ਵੱਲੋਂ ਫਰੂਟ ਸ਼ੋਅ ਦੇਖਣ ਦਾ ਸੱਦਾ ਆਇਆ ਹੋਇਆ ਸੀ। ਕੁੜੀ ਦੀ ਮਾਂ ਨੇ ਕੁੜੀ ਨੂੰ ਕਿਹਾ ਕਿ ਤੂੰ ਇਸ ਮੁੰਡੇ ਨਾਲ ਜਾ ਕੇ ਸ਼ੋਅ ਦੇਖ ਆ ਮੈਂ ਤੇਰੇ ਨਾਲ ਨਹੀਂ ਜਾ ਸਕਦੀ। ਮੁੰਡਾ ਵੀ ਇਸ ਗੱਲ ਤੇ ਖੁਸ਼ ਹੋਇਆ ਸੀ। ਕੁੜੀ ਨੇ ਆਪਣੀ ਛੋਟੀ ਭੈਣ ਨੂੰ ਨਾਲ ਲਿਜਾਣ ਲਈ ਤਿਆਰ ਕਰ ਲਿਆ। ਜਦੋਂ ਕਾਰ ਵਿਚ ਬੈਠਣ ਲੱਗੇ ਤਾਂ ਮੁੰਡਾ ਪਹਿਲਾਂ ਬੈਠ ਗਿਆ, ਫਿਰ ਉਹ ਕੁੜੀ ਬੈਠ ਗਈ। ਅਚਾਨਕ ਕੁੜੀ ਨੇ ਕਾਰ ਦੇ ਬੂਹੇ ਅੱਗੇ ਖੜ੍ਹੀ ਆਪਣੀ ਛੋਟੀ ਭੈਣ ਨੂੰ ਚੁੱਕ ਕੇ ਆਪਣੇ ਤੇ ਮੁੰਡੇ ਦੇ ਵਿਚਕਾਰ ਬਿਠਾ ਲਿਆ। ਮੁੰਡੇ ਦੀ ਉਸ ਹਾਲਤ ਨੂੰ ਬਿਆਨ ਕਰਦਾ ਬਿੰਬ ਹੈ, ਜਿਸ ਤਰ੍ਹਾਂ ਮਕਾਨ ਵਿਚ ਬਿਜਲੀ ਲਾਣ ਵਾਲੇ ਦੋ ਤਾਰਾਂ ਦੇ ਵਿਚਕਾਰ ਲੱਕੜ ਟਿਕਾ ਦਿੰਦੇ ਹਨ, ਉਸਨੇ ਆਪਣੀ ਭੈਣ ਨੂੰ ਇਸ ਤਰ੍ਹਾਂ ਟਿਕਾ ਲਿਆ।" (ਪੰਨਾ 68.)

'ਗਜਰੇ' ਕਹਾਣੀ ਦੀ ਕੁੜੀ ਪਾਤਰ ਮੈਂ - ਪਾਤਰ ਨੂੰ ਬਹੁਤ ਸ਼ਾਂਤ ਦਿਖਾਈ ਦਿੰਦੀ ਹੈ। ਉਸ ਦੇ ਚਿਹਰੇ ਤੋਂ ਕੋਈ ਹਾਵ ਭਾਵ ਨਹੀਂ ਪਛਾਣਿਆ ਜਾ ਸਕਦਾ। ਉਹਦੇ ਬਾਰੇ ਮੈਂ ਪਾਤਰ ਦਾ ਬਿੰਬ ਹੈ, " ਜਿਸ ਤਰ੍ਹਾਂ ਭਰੀ ਹੋਈ ਲੱਸੀ ਦੀ ਚਾਟੀ ਵਿਚ ਮਧਾਣੀ ਭਾਵੇਂ ਕਿੰਨੇ ਜ਼ੋਰ ਦੀ ਫਿਰੇ ਕੰਢਿਆਂ ਤੋਂ ਹੇਠਲੇ ਤੜਫਾਟ ਦਾ ਉਤ੍ਹਾਂ ਕੁੱਝ ਪਤਾ ਨਹੀਂ ਲੱਗਦਾ।" (ਪੰਨਾ 75.)

ਅੱਗੇ ਜਾ ਕੇ ਇਸੇ ਕਹਾਣੀ ਬਾਰੇ ਲੇਖਕ ਇਕ ਹੋਰ ਬਿੰਬ ਸਿਰਜਦਾ ਹੈ, "ਕਿਸੇ ਨਵੀਂ ਕਾਰ ਵਿਚ ਬੈਠਿਆਂ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਹਵਾ ਨਾਲ ਚੱਲ ਰਹੀ ਕਿਸੇ ਬੇੜੀ ਵਿਚ ਬੈਠੇ ਹਾਂ। ਇੰਜਣ ਕੋਈ ਝਟਕਾ ਨਹੀਂ ਲਾਉਂਦਾ, ਆਵਾਜ਼ ਨਹੀਂ ਕੱਢਦਾ, ਆਪਣੀ ਹੋਂਦ ਮਹਿਸੂਸ ਨਹੀਂ ਹੋਣ ਦਿੰਦਾ।" (ਪੰਨਾ 75.)

ਇਸ ਬਿੰਬ ਦਾ ਭਾਵ ਹੈ ਕਿ ਕਾਰ ਨੂੰ ਤੋਰਨ ਲਈ ਇੰਜਣ ਵਿਚ ਤਰਫਾਟ ਮੱਚਿਆ ਹੁੰਦਾ ਹੈ ਪਰ ਵਿਚ ਬੈਠੀਆਂ ਸਵਾਰੀਆਂ ਨੂੰ ਕੁੱਝ ਮਹਿਸੂਸ ਨਹੀਂ ਹੁੰਦਾ। ਇਸੇ ਤਰ੍ਹਾਂ ਸ਼ਾਇਦ ਇਸ ਕੁੜੀ ਦੇ ਅੰਦਰ ਵੀ ਮੈਂ ਪਾਤਰ ਨੂੰ ਲੈ ਕੇ ਹਜ਼ਾਰਾਂ ਹਾਵ ਭਾਵ ਹੋਣਗੇ ਪਰ ਉਹ ਮਹਿਸੂਸ ਕੁੱਝ ਨਹੀਂ ਹੋਣ ਦਿੰਦੀ। ਕਈ ਕੁੜੀਆਂ ਅਪਣੀ ਪਸੰਦ ਜਾਂ ਨਾ ਪਸੰਦ ਗੱਲਾਂ ਬਾਤਾਂ ਰਾਹੀਂ ਜਚਾ ਜਾਂਦੀਆਂ ਹਨ। ਇਸ ਤਰ੍ਹਾਂ ਬਿੰਬ ਹੈ, " ਜਿਸ ਤਰ੍ਹਾਂ ਜੱਟੀਆਂ ਬਗੈਰ ਕੁਜੇ ਵਿਚ ਝਾਤੀ ਮਾਰਨ ਦੇ ਇਹ ਦੱਸ ਸਕਦੀਆਂ ਹਨ ਕਿ ਅੱਗ ਤੇ ਪਿਆ ਮੱਖਣ ਕਿੰਨਾ ਕੁ ਪੰਘਰ ਗਿਆ ਹੈ।" (ਪੰਨਾ 76.)

'ਰਣਬੀਰ ਕੌਰ' ਕਹਾਣੀ ਦੀ ਪਾਤਰ ਰਣਬੀਰ ਦਾ ਪਤੀ ਕਿਸੇ ਹੋਰ ਕੁੜੀ ਨੂੰ ਪਿਆਰ ਕਰਦਾ ਸੀ। ਉਹ ਪਿਆਰ ਬਾਰੇ ਕਵਿਤਾਵਾਂ ਤੇ ਟੱਪੇ ਜ਼ੁਬਾਨੀ ਯਾਦ ਕਰੀ ਫਿਰਦਾ ਸੀ ਪਰ ਰਣਬੀਰ ਪਿਆਰ ਦੇ ਅਨੁਭਵ ਬਾਰੇ ਕੁੱਝ ਨਹੀਂ ਜਾਣਦੀ ਸੀ। ਉਸ ਦੀ ਪਿਆਰ ਪ੍ਰਤੀ ਸਮਝ ਨੂੰ ਲੇਖਕ ਇਸ ਬਿੰਬ ਰਾਹੀਂ ਸਮਝਾਉਂਦਾ ਹੈ, "ਰਣਬੀਰ ਦੀ ਪਿਆਰ ਪ੍ਰਤੀ ਇੰਨੀ ਕੁ ਸਮਝ ਸੀ ਜਿੰਨੀ ਕੋਈ ਮੱਖੀ ਨੂੰ ਜੋਮੈਟਰੀ ਬਾਰੇ ਹੋਵੇ।" (ਪੰਨਾ, 95.)

ਰਣਬੀਰ ਪਤੀ ਦੇ ਰਿਸ਼ਤੇ ਨੂੰ ਧੁਰ ਤਕ ਬਿਨ੍ਹਾਂ ਯਤਨਾਂ ਦੇ ਨਾਲ ਨਿਭਾਉਣ ਵਾਲਾ ਪਰੰਪਰਿਕ ਰਿਸ਼ਤਾ ਮਨਜ਼ੂਰਦੀ ਸੀ। ਉਹ ਉਸ ਲਈ ਕੋਈ ਉਚੇਚ ਕਰਨ ਦਾ ਯਤਨ ਕਰਨਾ ਆਪਣਾ ਫਰਜ਼ ਨਹੀਂ ਸਮਝਦੀ ਸੀ। ਪਤੀ ਉਸ ਲਈ ਇਕ ਠੋਸ ਹਕੀਕਤ ਸੀ। ਬਿੰਬ ਹੈ, "ਜਿਸ ਤਰ੍ਹਾਂ ਉਹਦੇ ਵਿਹੜੇ ਵਿਚ ਖੜਾ ਬੇਰੀ ਦਾ ਦਰਖਤ। ਉਹ ਪਹਿਲੇ ਵੀ ਸੀ, ਹੁਣ ਵੀ ਹੈ ਤੇ ਅਗਾਂਹ ਨੂੰ ਵੀ ਰਹੇਗਾ।" (ਪੰਨਾ 95.)

ਇਸੇ ਲਈ ਉਹਦਾ ਪਤੀ ਉਹਦੇ ਹੱਥਾਂ ਵਿਚੋਂ ਖਿਸਕਣ ਲੱਗਦਾ ਹੈ। ਫਿਰ ਇਹ ਪਿਆਰ ਸਬੰਧ ਖਤਮ ਵੀ ਹੋ ਜਾਂਦੇ ਹਨ, ਪਰ ਰਣਬੀਰ ਨੂੰ ਇਨ੍ਹਾਂ ਦੇ ਖਤਮ ਹੋਣ ਦੀ ਉਮੀਦ ਨਹੀਂ ਸੀ। ਇਹਦੇ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਸੌਣ ਭਾਦਰੋਂ ਵਿਚ ਰੋੜ੍ਹਾਂ ਮਾਰਦੀ ਦਰਿਆ ਵੇਖਕੇ ਕਿਸੇ ਨੂੰ ਇਹ ਖਿਆਲ ਨਹੀਂ ਹੋ ਸਕਦਾ ਕਿ ਸਿਆਲ ਨੂੰ ਇਸ ਨੇ ਸੁੱਕ ਜਾਣਾ ਹੈ।" (ਪੰਨਾ 97.)

ਪਤੀ ਰਣਬੀਰ ਨੂੰ ਫਿਰ ਤੋਂ ਪਿਆਰ ਕਰਨ ਲੱਗ ਜਾਂਦਾ ਹੈ। ਉਸ ਨੂੰ ਆਪਣੀ ਪਤਨੀ ਤੇ ਤਰਸ ਆਉਂਦਾ ਹੈ। ਉਹ ਸੋਚਦਾ ਹੈ ਕਿ ਰਣਬੀਰ ਦਾ ਮੇਰੇ ਬਿਨਾਂ ਕੋਈ ਜੀਵਨ ਨਹੀਂ ਹੈ, ਬਿੰਬ ਹੈ, 'ਜਿਸ ਤਰ੍ਹਾਂ ਬੇਰੀ ਦੇ ਤਨੇ ਤੋਂ ਬਿਨਾਂ ਇਸ ਦੀ ਕਿਸੇ ਟਾਹਣੀ ਦਾ ਕੋਈ ਜੀਵਨ ਨਹੀਂ।' (ਪੰਨਾ 96.)

ਇਸ ਕਹਾਣੀ ਵਿਚ ਬੇਰੀ ਦੇ ਬਿੰਬ ਨੂੰ ਵਾਰ ਵਾਰ ਕਈ ਥਾਵਾਂ ਤੇ ਵਰਤਿਆ ਗਿਆ ਹੈ। ਘਰ ਵਿਚ ਲੱਗੀ ਬੇਰੀ ਦੇ ਕੰਡਿਆਂ ਦੇ ਅਹਿਸਾਸ ਕਰਕੇ ਰਣਬੀਰ ਜੁੱਤੀ ਪਾ ਕੇ ਰੱਖਦੀ ਹੈ। ਵਿਹੜੇ ਵਿਚ ਬੇਰੀ ਦੀ ਛਾਂ ਕਿਸ ਪਾਸੇ ਚਲੀ ਗਈ ਇਹ ਵੀ ਖਿਆਲ ਰੱਖਦੀ ਹੈ, ਪਰ ਉਹ ਬੇਰੀ ਨੂੰ ਨਾ ਤਾਂ ਸਜ ਕੇ ਵਿਖਾਉਂਦੀ ਹੈ ਤੇ ਨਾ ਹੀ ਸਜਾਉਂਦੀ ਹੈ। ਇਸੇ ਤਰ੍ਹਾਂ ਉਹ ਆਪਣੇ ਪਤੀ ਨੂੰ ਸਮਝਦੀ ਹੈ।

'ਖੱਬਲ' ਕਹਾਣੀ ਦਾ ਨਾਂ ਹੀ ਬਿੰਬਾਤਮਕ ਹੈ। ਪਾਤਰ ਗੱਭਰੂ ਜੱਟ ਨੂੰ ਉਹਦਾ ਬੁੱਢਾ ਪਿਉ ਉਸ ਵੇਲੇ ਜਵਾਬ ਦਿੰਦਾ ਹੈ ਜਦੋਂ ਗੱਭਰੂ ਨੇ ਆਲੇ ਦੁਆਲੇ ਦੀ ਉਜਾੜ ਦੇਖ ਕੇ ਕਿਹਾ ਸੀ ਕਿ ਮੁਲਖ ਤਾਂ ਤਬਾਹ ਹੋ ਗਿਆ ਹੈ। ਉਸ ਵੇਲੇ ਬੁੱਢੇ ਦਾ ਜਵਾਬੀ ਬਿੰਬ ਸੀ, "ਨਹੀਂ ਉਏ ਕਮਲਿਆ। ਐਵੇ ਜਾਪਦਾ ਈ ਏ। ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ ਕੋਈ ਫਰਕ. ਤੇ ਨਹੀਂ ਨਾ ਕਰੀਦੇ ਉਹਦੇ ਨਾਲ? ਸਾਰਾ ਜੜੋਂ ਪੁੱਟ ਕੇ ਪੈਲੀਓਂ ਬਾਹਰ ਸੁੱਟੀਂਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।" (ਪੰਨਾ 110.)

'ਮੂਹਲੀ ਜਿਡੇ ਡੌਲੇ' ਕਹਾਣੀ ਦਾ ਨਾਂ ਵੀ ਬਿੰਬਾਤਮਕ ਹੈ। ਕਹਾਣੀ ਦੀ ਪਾਤਰ ਬਨਸ੍ਹੋ ਖੜਕੂ ਪਾਤਰ ਦੇ ਵਧਾ ਚੜ੍ਹਾ ਕੇ ਗੱਲਾਂ ਕਰਨ ਨੂੰ ਬੁਰਾ ਮਾਨਾਉਂਦੀ ਸੀ। ਉਹ ਨਾਨਕੇ ਪਿੰਡ ਆਇਆ ਹੋਇਆ ਸੀ। ਉਹ ਹਰ ਗੱਲ ਆਪਣੇ ਪਿੰਡ ਦੀ ਵਧੇਰੇ ਦਮਦਾਰ ਹੋਣ ਦੀ ਗੱਲ ਕਰਦਾ ਸੀ। ਜਦੋਂ ਇਕ ਦਿਨ ਨਾਨਕੇ ਪਿੰਡ ਖੜਕੂ ਕਿਸੇ ਮੁਕਾਬਲੇ ਵਿਚ ਧਰਮੂ ਕੋਲੋ ਹਾਰ ਜਾਂਦਾ ਹੈ। ਬਨਸ੍ਹੋ ਨੂੰ ਬਦਲਾ ਲੈਣ ਦਾ ਇਹ ਮੌਕਾ ਮਿਲ ਜਾਂਦਾ ਹੈ। ਉਹ ਖੜਕੂ ਨੂੰ ਇਸ ਬਿੰਬ ਰਾਹੀਂ ਸਬੋਧਿਤ ਹੁੰਦੀ ਹੈ, " ਧਰਮੂ ਜਿੰਨੀ ਹਿੰਮਤ ਤੇ ਨਹੀਂ ਨਾ ਤੇਰੇ ਵਿਚ ਉਸ ਰੁੜ ਗਏ ਦੇ ਤਾਂ ਮੂਹਲੀ ਜਿਡੇ ਡੌਲੇ ਈ ਨੇ"। (ਪੰਨਾ 94.)

'ਮਾਂ' ਕਹਾਣੀ ਵਿਚ ਸ਼ੰਕਰ ਦੀ ਪਤਨੀ ਜਦੋਂ ਮਾਂ ਬਣਨ ਵਾਲੀ ਸੀ ਤਾਂ ਉਹ ਹਰ ਵੇਲੇ ਬੱਚੇ ਦੇ ਸੁਪਨਿਆਂ ਵਿਚ ਗੁਆਚੀ ਰਹਿੰਦੀ। ਉਹ ਸ਼ੰਕਰ ਨੂੰ ਦੱਸਦੀ ਹੈ ਕਿ ਇਕ ਦਿਨ ਉਸ ਨੂੰ ਸੜਕ ਤੇ ਉਹ ਮੁੰਡਾ ਮਿਲ ਗਿਆ ਜਿਹੜਾ ਉਸਦਾ ਕੁਆਰੀ ਹੁੰਦੀ ਦਾ ਪਿੱਛਾ ਕਰਦਾ ਹੁੰਦਾ ਸੀ। ਜਿਹੜੀ ਐਕਟਿੰਗ ਮਾਂ ਬਣਨ ਦੀ ਸੜਕ ਉਤੇ ਉਸ ਮੁੰਡੇ ਨੂੰ ਉਸਨੇ ਕਰ ਕੇ ਦਿਖਾਈ ਸੀ ਉਹ ਦੁਵਾਰਾ ਸ਼ੰਕਰ ਨੂੰ ਕਰ ਕੇ ਦਿਖਾਉਣ ਲੱਗੀ। ਉਸ ਬਾਰੇ ਬਿੰਬ ਹੈ, "ਉਹ ਇਸ ਤਰ੍ਹਾਂ ਬੋਲ ਰਹੀ ਸੀ ਜਿਵੇਂ ਉਸ ਨੇ ਆਪਣੇ ਮੋਢਿਆਂ ਤੋਂ ਅਫਸਰ ਹੋਣ ਦੀਆਂ ਨਿਸ਼ਾਨੀਆਂ ਕਿਸੇ ਸ਼ਰੀਕ ਨੂੰ ਵਖਾਈਆਂ ਹੋਣ।" (ਪੰਨਾ 115.)

'ਬਗਾਵਤ' ਕਹਾਣੀ ਵਿਚ ਕੋਠੀ ਦਾ ਮਾਲਕ ਸ਼ਾਂਤ ਮਹੌਲ ਵਿਚ ਇਕਾਂਤਵਸ ਕੁੱਝ ਸਮਾਂ ਗੁਜ਼ਾਰਨ ਦੇ ਲਈ ਕੋਠੀ ਦੇ ਬਾਹਰਲੇ ਪਲਾਟ ਵਿਚ ਤੁਰ ਫਿਰ ਰਿਹਾ ਹੈ। ਉਸ ਦਾ ਆਪਣਾ ਰੇਡੀਓ ਤਾਂ ਬੰਦ ਹੈ ਪਰ ਲੋਕਾਂ ਦੇ ਘਰ ਵਿਚੋਂ ਆਵਾਜ਼ਾਂ ਆ ਰਹੀਆਂ ਹਨ। ਉਸ ਨੂੰ ਸ਼ਾਂਤ ਮਹੌਲ ਨਹੀਂ ਮਿਲ ਰਿਹਾ। ਮਾਲਕ ਸੋਚ ਰਿਹਾ ਹੈ ਕਿ ਰੇਡੀਓ ਵਾਲੇ ਕਦੇ ਗਾਣਾ, ਕਦੇ ਲੈਕਚਰ, ਕਦੇ ਸਿੱਖਿਆ ਜੋ ਮਨ ਵਿਚ ਆਂਦਾ ਹੈ ਚਲਾ ਦਿੰਦੇ ਹਨ। ਇਨ੍ਹਾਂ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਬੰਦੇ ਦਾ ਮਨ ਵੀ ਕੋਈ ਮਲਮਲ ਦਾ ਟੋਟਾ ਹੈ, ਜਦੋਂ ਜੀ ਕਰੇ ਕੋਈ ਨਵਾਂ ਰੰਗ ਦੇ ਦਿਉ, ਜਿਵੇਂ ਇਸ ਦਾ ਆਪਣਾ ਕੋਈ ਸੁਭਾਉ ਹੀ ਨਹੀਂ ਹੁੰਦਾ ਤੇ ਇਹ ਹਰ ਨਵਾਂ ਰੰਗ ਲੈਣ ਨੂੰ ਤਿਆਰ ਹੈ।" (ਪੰਨਾ 117.)

ਅਖਬਾਰਾਂ ਬਾਰੇ ਮਾਲਕ ਸੋਚਦਾ ਹੈ ਕਿ ਇਹ ਵੀ ਸਵੇਰੇ ਆ ਕੇ ਬੇਚੈਨ ਕਰ ਦਿੰਦੀਆਂ ਹਨ। ਹਰ ਅਖਬਾਰ ਆਪਣੀ ਆਪਣੀ ਵੱਖ ਰਾਇ ਦਿੰਦਾ ਹੈ। ਅਖਬਾਰਾਂ ਨੇ ਵੀ ਦਿਮਾਗ ਤੇ ਪੂਰਾ ਕਬਜ਼ਾ ਕਰ ਲਿਆ ਹੈ। ਉਸਦੀ ਆਪਣੀ ਕੋਈ ਸੋਚ ਹੀ ਨਹੀਂ ਰਹੀ। ਬਿੰਬ ਹੈ, "ਸੋਚਣਾ ਤਾਂ ਅਜੇ ਦੂਰ ਦੀ ਗੱਲ ਸੀ, ਟਾਂਗੇ ਦੇ ਘੋੜੇ ਵਾਂਗ ਉਸ ਦੇ ਖੁਲ੍ਹਾ ਵੇਖਣ ਤੇ ਪਾਬੰਦੀ ਸੀ।" (ਪੰਨਾ 118.)

ਅਖਬਾਰ ਦਾ ਹਰ ਕੋਨਾ ਕਿਸੇ ਨਾ ਕਿਸੇ ਚੀਜ਼ ਨਾਲ ਭਰਿਆ ਹੁੰਦਾ ਹੈ। ਇਕ ਫੁੱਲਾਂ ਦੀ ਕਿਆਰੀ ਦੇ ਕੋਲ ਆ ਕੇ ਮਾਲਕ ਇਕ ਦਮ ਝਿੱਜਕ ਗਿਆ ਤੇ ਪੁੱਠਾ ਮੁੜਨ ਲੱਗਿਆ ਸੀ। ਬਿੰਬ ਹੈ,"ਜਿਸ ਤਰ੍ਹਾਂ ਅਚਨਚੇਤ ਕਿਸੇ ਗਿੱਧਾ ਪਾਉਂਦੀਆਂ ਕੁੜੀਆਂ ਦੀ ਇਕ ਟੋਲੀ ਦੇ ਸਾਹਮਣੇ ਪੁਜ ਗਿਆ ਹੋਵੇ ਤੇ ਉਹਨਾਂ ਦੇ ਇਸ ਕੰਮ ਵਿਚ ਦਖ਼ਲ ਨਾ ਦੇਣਾ ਚਾਹੁੰਦਾ ਹੋਵੇ। ਉਸ ਕਿਆਰੀ ਵਿਚ ਖਿੜੇ ਫੁੱਲ ਨਿਰੇ ਫੁੱਲ ਨਹੀਂ ਸਨ ਉਹ ਤੇ ਸਗੋਂ ਹਸਦੇ ਮੂੰਹਾਂ ਵਾਲੇ ਕੋਈ ਬਾਗੀ ਜਿਹੇ ਜੀਵ ਸਨ ਜੋ ਸਾਰੀ ਦੁਨੀਆ ਨੂੰ ਟਿਚਕਰਾਂ ਕਰਦੇ ਹੋਏ ਉਸ ਥਾਂ ਆਪਣਾ ਖ਼ੂਬਸੂਰਤ ਮਾਸੂਮ ਤੇ ਬੇਖੌਫ ਜਿਹਾ ਰਾਜ ਕਾਇਮ ਕਰੀ ਬੈਠੇ ਸਨ।" (ਪੰਨਾ 119.)

ਇਸ ਦ੍ਰਿਸ਼ ਨੇ ਮਾਲਕ ਨੂੰ ਇਕ ਦਮ ਅਨੰਦਿਤ ਕਰ ਦਿੱਤਾ ਸੀ।

'ਉਲਾਮਾ' ਕਹਾਣੀ ਵਿਚ ਵੰਡ ਵੇਲੇ ਦਾ ਦੁਖਾਂਤਕ ਚਿਤਰਨ ਹੈ ਜਦੋਂ ਬਲਕਾਰ ਸਿੰਘ ਦੇ ਪਿੰਡ ਵਿਚੋਂ ਵੀ ਲੋਕ ਫਸਾਦਾਂ ਦੇ ਡਰੋਂ ਪਿੰਡ ਛੱਡਣੇ ਸ਼ੁਰੂ ਹੋ ਗਏ ਸਨ, ਉਸ ਵੇਲੇ ਦਾ ਚਿਤਰਨ ਇਸ ਬਿੰਬ ਰਾਹੀਂ ਦੇਖੋ, "ਸਹਿਜੇ

ਸਹਿਜੇ ਆਲੇ ਦੁਆਲੇ ਦੀ ਸਾਰੀ ਹਿੰਦੂ ਸਿੱਖ ਵਸੋਂ ਨਵੇਂ ਬਣੇ ਰੀਫਿਊਜ਼ੀ ਕੈਂਪ ਵੱਲ ਨੂੰ ਉੱਠ ਤੁਰੀ ਜਿਵੇਂ ਕਿਸੇ ਪੈਲੀ ਵਿਚ ਪਾਣੀ ਆ ਜਾਣ ਤੇ ਉਸ ਵਿਚੋਂ ਤ੍ਰਿੱਡੀਆਂ ਇਕ ਪਾਸੇ ਨੂੰ ਉੱਠ ਤੁਰਦੀਆਂ ਹਨ। ਪੰਜਾਂ ਸੱਤਾਂ ਦਿਨ੍ਹਾਂ ਵਿਚ ਹੀ ਹਿੰਦੂ ਸਿੱਖ ਜਨਤਾ ਮੁਸਲਮਾਨ ਜਨਤਾ ਤੋਂ ਇਸ ਤਰ੍ਹਾਂ ਅੱਡਰੀ ਹੋ ਬੈਠੀ ਜਿਸ ਤਰ੍ਹਾਂ ਜੱਟੀਆਂ ਰਲੀਆਂ ਹੋਈਆਂ ਦੋ ਪਤਲੀਆਂ ਤੇ ਮੋਟੀਆਂ ਜਿਨਸਾਂ ਨੂੰ ਛੱਜ ਵਿਚ ਪਾ ਕੇ ਵੱਖੋ ਵੱਖ ਕਰ ਦਿੰਦੀਆਂ ਹਨ।" (ਪੰਨਾ 120.)

'ਮੁਰਦੇ ਦੀ ਤਾਕਤ' ਕਹਾਣੀ ਵਿਚ ਜਦੋਂ ਗੜਵਾਲੀਏ ਅਪਣੇ ਆਧੁਨਿਕ ਹਥਿਆਰਾਂ ਨੂੰ ਖੋਲਕੇ ਚੈਕ ਕਰਦੇ ਤਾਂ ਪੁਰਾਣੇ ਹਥਿਆਰਾਂ ਵਾਲੇ ਛਾਛੀ ਕੀ ਮਹਿਸੂਸ ਕਰਦੇ ਹਨ ਉਨ੍ਹਾ ਬਾਰੇ ਬਿੰਬ ਹੈ, " ਜਿਵੇਂ ਕੋਈ ਗਰੀਬ ਮੁੰਡਾ ਆਪਣੇ ਅਮੀਰ ਗੁਆਂਢੀ ਮੁੰਡੇ ਦੇ ਨਵਾਂ ਸਾਈਕਲ ਲੈਣ ਤੇ ਕਰਦਾ ਹੈ।" (ਪੰਨਾ 128.)

'ਕੁੱਤਾ ਤੇ ਹੱਡੀ' ਕਹਾਣੀ ਦਾ ਨਾਂ ਵੀ ਬਿੰਬਾਤਮਕ ਹੈ। ਇਸ ਕਹਾਣੀ ਵਿਚ ਤਿੰਨ ਬਿਰਤਾਂਤ ਹਨ। ਇਕ ਹੋਸਟਲ ਪੜ੍ਹਦੀ ਕੁੜੀ ਦਾ ਦੂਜਾ ਕਨਵੋਕੇਸ਼ਨ ਤੇ ਜਾਣ ਵਾਲੀ ਕੁੜੀ ਦਾ ਤੀਸਰਾ ਅਪਣੇ ਦੋਸਤ ਦੀ ਪਤਨੀ ਦਾ। ਤਿੰਨਾਂ ਵਿਚ ਮੈਂ ਪਾਤਰ ਦੀ ਹਾਲਤ ਕੁੱਤੇ ਦੇ ਹੱਡੀ ਖਾਣ ਵਾਂਗ ਹੈ। ਜਿਸ ਉੱਤੇ ਮਾਸ ਨਹੀਂ ਕੇਵਲ ਉਸਦੇ ਮਨ ਵਿਚ ਇਕ ਜਲਨ ਜਿਹੀ ਹੈ। ਜਦੋਂ ਉਹ ਦੋਸਤ ਦੇ ਘਰ ਤੋਂ ਉਸਦੀ ਪਤਨੀ ਕੋਲੋਂ ਤੁਰਦਾ ਹੈ ਤਾਂ ਉਸਦੀ ਗੱਡੀ ਬਿਨਾ ਕਿਸੇ ਨਿਸ਼ਾਨੇ ਦੇ ਅੱਗੇ ਦੌੜ ਰਹੀ ਸੀ। ਕਿਸ ਤਰ੍ਹਾਂ ਬਿੰਬ ਹੈ, "ਐਨ ਜਿਸ ਤਰ੍ਹਾਂ ਕੋਈ ਸਾਨ੍ਹ ਢੱਗਾ ਕਿਸੇ ਪਿੰਡ ਦੀਆਂ ਪੈਲੀਆਂ ਵਿਚ ਫਿਰਦਾ ਹੈ।" (ਪੰਨਾ 135.)

ਕਹਾਣੀ 'ਧਰਤੀ ਤੇ ਆਕਾਸ਼' ਦੀ ਪਾਤਰ ਛੰਮੀ ਸੋਹਣੀ ਬਹੁਤ ਸੀ,ਪਰ ਉਹ ਆਪਣੇ ਸੋਹਣੇਪਣ ਤੋਂ ਸੰਤੁਸ਼ਟ ਨਹੀਂ। ਉਹ ਕੁੱਝ ਵੱਖਰਾ ਕਰਕੇ ਦਿਖਾਉਣਾ ਚਹੁੰਦੀ ਹੈ। ਉਸਨੂੰ ਲੱਗਦੈ ਕਿ ਇਕੱਲੇ ਸੋਹਣਾ ਹੋਣਾ ਵੱਡੀ ਗੱਲ ਨਹੀਂ ਹੈ,ਇਸ ਦੁਨੀਆਂ ਨੂੰ ਤੋਰਨ ਵਿਚ ਮੇਰਾ ਵੀ ਕੋਈ ਰੋਲ ਹੋਣਾ ਚਾਹੀਦਾ ਹੈ। ਉਸ ਬਾਰੇ ਬਿੰਬ ਹੈ, "ਇਸ ਵੇਲੇ ਤੇ ਉਹ ਇਕ ਖਿਨੂ ਜਿਹਾ ਸੀ ਜਿਸ ਨੂੰ ਜ਼ਿੰਦਗੀ ਜਿਧਰ ਚਾਹੁੰਦੀ ਰੋੜ੍ਹ ਕੇ ਲੈ ਜਾਂਦੀ।" (ਪੰਨਾ 137.)

ਛੰਮੀ ਕਿਸੇ ਅਜਿਹੇ ਆਸਰੇ ਨੂੰ ਭਾਲਦੀ ਸੀ ਜਿਹੜਾ ਉਸ ਦੀ ਕੁੱਝ ਕਰ ਗੁਜ਼ਰਨ ਵਿਚ ਮਦਦ ਕਰਦਾ। ਬਿੰਬ ਹੈ, "ਜਿਸ ਤਰ੍ਹਾਂ ਹੜ੍ਹਾਂ ਵਿਚ ਲੋਕਾਂ ਨੂੰ ਵੱਡੇ ਵੱਡੇ ਰੁੱਖ ਆਸਰਾ ਦਿੰਦੇ ਹਨ।" (ਪੰਨਾ 137.)

ਉਹ ਇਕ ਚਿਤਰਕਾਰ ਕੋਲ ਚਲੀ ਜਾਂਦੀ ਹੈ ਕਿ ਉਹ ਉਸ ਨੂੰ ਚਿਤਰਕਾਰੀ ਸਿਖਾ ਦੇਵੇ। ਚਿਤਰਕਾਰ ਨੂੰ ਉਸ ਵਿਚ ਚਿਤਰਕਾਰੀ ਵਾਲਾ ਕੋਈ ਗੁਣ ਨਹੀਂ ਦਿਸਦਾ। ਚਿਤਰਕਾਰ ਦਾ ਉਸ ਬਾਰੇ ਸੋਚਣਾ ਕਿਵੇਂ ਹੈ ਉਸ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਕੋਈ ਮੱਝ ਗਾਂ ਉਸ ਦੀ ਫੁਲਵਾੜੀ ਵਿਚ ਵੜ ਆਈ ਹੋਵੇ।" (ਪੰਨਾ 137.)

'ਤੂੰ ਜੀ ਦੱਸ' ਕਹਾਣੀ ਦੀ ਗੁਜਰੀ ਪਿੰਡ ਵਿਚੋਂ ਸਭ ਤੋਂ ਸੋਹਣੀ ਕੁੜੀ ਸੀ। ਪਿੰਡ ਵਿਚ ਜਦੋਂ ਚਾਚੀ ਚੀਮੀਂ ਦਾ ਭਣੇਵਾਂ ਆ ਜਾਂਦਾ ਹੈ ਤਾਂ ਉਸਦੇ ਸੋਹਣੇ ਹੋਣ ਦੀ ਪਿੰਡ ਵਿਚ ਚਰਚਾ ਚੱਲ ਪੈਂਦੀ ਹੈ। ਇਹ ਗੁਜਰੀ ਤੋਂ ਬਰਦਾਸ਼ਤ ਨਹੀਂ ਹੋ ਰਿਹਾ ਸੀ। ਉਹ ਭਣੇਵੇਂ ਅੱਗੇ ਆਪਣਾ ਸਿੱਕਾ ਮਨਵਾਉਣਾ ਚਹੁੰਦੀ ਸੀ। ਉਸ ਬਾਰੇ ਬਿੰਬ ਹੈ, "ਉਹ ਉਨ੍ਹਾਂ ਰਜਵਾੜਿਆਂ ਵਿਚੋਂ ਸੀ ਹੋ ਆਪਣੇ ਰਾਜ ਵਿਚ ਕਿਸੇ ਆਕੜ ਖਾਨ ਦੀ ਹੋਂਦ ਨਹੀਂ ਸਹਾਰ ਸਕਦੇ।" (ਪੰਨਾ 142)

'ਤੂੜੀ ਦੀ ਪੰਡ' ਕਹਾਣੀ ਦਾ ਨਾਂ ਵੀ ਬਿੰਬਾਤਮਕ ਹੈ। ਇਸ ਕਹਾਣੀ ਦੇ ਪਾਤਰ ਬਹਾਦਰ ਸਿੰਘ ਦਾ ਟੱਬਰ ਵੱਡਾ ਸੀ। ਜਿਸ ਉਤੇ ਬਹਾਦਰ ਸਿੰਘ ਦਾ ਪੂਰਾ ਦਬਦਬਾ ਹੈ। ਉਸ ਬਾਰੇ ਬਿੰਬ ਹੈ, "ਜਿਸ ਉਤੇ ਉਸਨੇ ਕੁਕੜੀ ਵਾਂਗ ਖੰਭ ਖਿਲਾਰੇ ਹੋਏ ਸਨ।" (ਪੰਨਾ 145)

ਟੱਬਰ ਦੇ ਜੀਆਂ ਦਾ ਆਪੋ ਵਿਚ ਥਪਾਕ ਕਿੰਨਾ ਹੈ ਉਹਦੇ ਬਾਰੇ ਬਿੰਬ ਹੈ, "ਸੰਗਲੀ ਦੀਆਂ ਘੁਰੀਆਂ ਵਾਂਗ ਉਹ ਆਪੋ ਵਿਚ ਜੁੜੇ ਰਹਿੰਦੇ। ਇਹ ਬਰਾਦਰੀ ਫਿਰ ਵੀ ਇਕ ਮੁਠ ਡੱਬੀ ਵਾਂਗ ਬੰਦ ਰਹਿੰਦੀ।" (ਪੰਨਾ 145)

ਜਦੋਂ ਪਿੰਡ ਦੀ ਇਕ ਨੂੰ ਸ਼ਹਿਰ ਨੌਕਰੀ ਕਰਨ ਲੱਗ ਜਾਂਦੀ ਹੈ ਤਾਂ ਬਹਾਦਰ ਸਿੰਘ ਉਸ ਦਾ ਖਰਚਾ ਆਪ ਚੁੱਕਣ ਲਈ ਤਿਆਰ ਹੋ ਜਾਂਦਾ ਹੈ ਤਾਂ ਕਿ ਉਸਨੂੰ ਨੌਕਰੀ ਨਾ ਕਰਨੀ ਪਵੇ। ਇਹ ਉਸ ਲਈ ਬਰਾਦਰੀ ਦੀ ਇੱਜ਼ਤ ਬਚਾਉਣ ਦਾ ਸਵਾਲ ਸੀ। ਬਿੰਬ ਹੈ, "ਇਕ ਡਾਰੋ ਵਿਛੜੀ ਕੂੰਜ ਨੂੰ ਡਾਰ ਵਿਚ ਰਲਾਣ ਦਾ ਸਵਾਲ ਸੀ।" (ਪੰਨਾ 147.)

ਜਦੋਂ ਇੰਨੇ ਯਤਨ ਕਰਨ ਤੇ ਵੀ ਪਿੰਡ ਖਿਲਰਨਾ ਸ਼ੁਰੂ ਹੋ ਜਾਂਦਾ ਹੈ ਤਾਂ ਬਹਾਦਰ ਸਿੰਘ ਨੂੰ ਕੀ ਲੱਗਦੈ, ਬਿੰਬ ਹੈ, "ਜਿਵੇਂ ਵਗਦੇ ਦਰਿਆ ਵਿਚ ਉਸਦੀ ਤੂੜੀ ਦੀ ਪੰਡ ਖੁਲ ਗਈ ਸੀ। ਸਾਰੇ ਕੱਖ ਆਪੋ ਆਪਣੇ ਦਰਿਆ ਦੀ ਰੋੜ੍ਹ ਵਿਚ ਰੁੜ੍ਹਦੇ ਜਾ ਰਹੇ ਸਨ। ਇਕ ਅੱਧ ਕੱਖ ਨੂੰ ਫੜ੍ਹਿਆਂ ਹੁਣ ਕੀ ਸੌਰ ਸਕਦਾ ਸੀ।" (ਪੰਨਾ 147.)

ਕਹਾਣੀ 'ਵਿੰਕੀ' ਦੀ ਪਾਤਰ ਵਿੰਕੀ ਦਾ ਰੰਗ ਪੱਕਾ ਹੈ ਜਿਸ ਕਰਕੇ ਰਿਸ਼ਤਾ ਕਰਨ ਲਈ ਜੋ ਵੀ ਦੇਖਣ

ਆਉਂਦਾ ਆਪਣੇ ਫੈਸਲੇ ਬਾਰੇ ਖੁੱਲ ਕੇ ਨਾ ਦੱਸਦਾ। ਇਸ ਤਰ੍ਹਾਂ ਸਾਰੇ ਰਿਸ਼ਤੇ ਉਸ ਦੇ ਹੱਥੋਂ ਤਿਲਕਦੇ ਜਾਂਦੇ। ਬਿੰਬ ਹੈ, "ਇਸ ਤਰਾਂ ਤਿਲਕ ਜਾਂਦੇ ਜਿਵੇਂ ਸਜਰੀਆਂ ਫੜੀਆਂ ਮੱਛੀਆਂ।" (ਪੰਨਾ 151.)

ਜਦੋਂ ਵਿੰਕੀ ਦੇ ਸੁਦੀਪ ਨਾਲ ਰਿਸ਼ਤਾ ਕਰਨ ਲਈ ਮੈਂ ਪਾਤਰ ਨੂੰ ਬੁਲਾਇਆ ਗਿਆ ਤਾਂ ਉਸ ਦਿਨ ਵਿੰਕੀ ਦੀ ਖੂਬਸੂਰਤੀ ਦਾ ਬਿਆਨ ਇਸ ਬਿੰਬ ਰਾਹੀਂ ਕੀਤਾ ਗਿਆ ਹੈ, " ਆਲੇ ਦੁਆਲੇ ਦੀ ਸੁੰਦਰਤਾ ਇੱਕਠੀ ਹੋ ਕੇ ਉਸ ਵਿਚੋਂ ਪ੍ਰਕਾਸ਼ਮਾਨ ਹੋ ਰਹੀ ਹੋਵੇ ਜਿਸ ਤਰ੍ਹਾਂ ਨੇੜੇ ਦਾ ਪਾਣੀ ਇਕੱਠਾ ਹੋ ਕੇ ਧਰਤੀ ਵਿਚੋਂ ਚਸ਼ਮਾ ਬਣ ਕੇ ਫੁੱਟ ਨਿਕਲਦਾ ਹੈ।" (ਪੰਨਾ 156.)

'ਦੋ ਆਨੇ ਦਾ ਘਾਹ' ਕਹਾਣੀ ਦਾ ਪਾਤਰ ਬੂਟਾ ਸਿੰਘ ਆਪਣੀਆਂ ਮੱਝਾਂ ਨੂੰ ਹੋਰਨਾ ਦੀਆਂ ਮੱਝਾਂ ਨਾਲੋਂ ਚਲਾਕੀ ਨਾਲ ਅੱਗੇ ਕੱਢ ਲੈਂਦਾ ਸੀ ਤਾਂ ਕਿ ਉਹ ਕੂਲਾ-ਕੂਲਾ ਘਾਹ ਪਹਿਲਾਂ ਹੀ ਚਰ ਲੈਣ। ਉਸ ਸਮੇਂ ਉਸਦੀ ਸਥਿਤੀ ਦਾ ਬਿਆਨ ਬਹੁਤ ਹੀ ਖੂਬਸੂਰਤ ਬਿੰਬ ਨਾਲ ਕੀਤਾ ਗਿਆ ਹੈ, "ਜਿਸ ਤਰ੍ਹਾਂ ਕੋਈ ਬਿਲਿਆਰਡ ਦਾ ਖਿਲਾੜੀ ਆਪਣੇ ਬਾਲ ਨੂੰ ਮਾਰਦਾ ਹੈ।" (ਪੰਨਾ 158)

'ਘੋੜੀ' ਕਹਾਣੀ ਦੀ ਪਾਤਰ ਪਾਰਬਤੀ ਸਾਰਾ ਦਿਨ ਆਪਣੇ ਬੱਚਿਆਂ ਤੇ ਘਰ ਦੇ ਕੰਮਾਂ ਕਾਰਾਂ ਵਿਚ ਰੁਲੀ ਆਪਣੇ ਖਿਲਰੇ ਵਾਲ ਲਈ ਰੁਝੀ ਰਹਿੰਦੀ ਸੀ। ਉਸ ਦੀ ਹਾਲਤ ਕਿਹੋ ਜਿਹੀ ਲੱਗਦੀ ਸੀ ਉਸ ਬਾਰੇ ਬਿੰਬ ਹੈ ਜਿਵੇਂ, "ਭੂਤਨੇ ਕਢਾਣ ਵਾਲੇ ਘੰਟਿਆਂ ਬੱਧੀ ਤਾਲ ਨਾਲ ਸਿਰ ਮਾਰਦੇ ਰਹਿੰਦੇ ਹਨ।" (ਪੰਨਾ 173.)

'ਮੈਨੂੰ ਜਾਣਨੈ' ਕਹਾਣੀ ਦੇ ਮੈਂ ਪਾਤਰ ਨੂੰ ਮਿਲਿਆ ਬੰਦਾ ਜਦੋਂ ਫਲਾਂ ਦੀ ਟੋਕਰੀ ਚੁੱਕ ਕੇ ਲੈ ਜਾਣ ਲਈ ਕਹਿੰਦਾ ਹੈ ਤਾਂ ਮੈਂ ਪਾਤਰ ਉਸਦਾ ਹੁਲੀਆ ਦੇਖ ਕੇ ਉਸ ਨੂੰ ਨਾਲ ਲੈ ਕੇ ਤੁਰਨ ਨੂੰ ਤਿਆਰ ਨਹੀਂ ਸੀ। । ਉਸਦਾ ਹੁਲੀਆ ਕੁੱਝ ਕਿਸ ਤਰ੍ਹਾਂ ਦਾ ਸੀ ਉਸ ਬਾਰੇ ਬਿੰਬ ਹੈ, "ਜ਼ਿੰਦਗੀ ਉਸ ਵਿਚ ਇੰਨੀ ਕੁ ਹੀ ਸੀ ਜਿੰਨੀ ਮਾਂਹ ਦੇ ਦਾਣੇ ਤੇ ਸਫੈਦੀ।" (ਪੰਨਾ 177.)

ਮੈਂ ਪਾਤਰ ਉਸਦੇ ਨਾਲ ਤੁਰਨ ਲਈ ਤਿਆਰ ਨਹੀਂ ਸੀ ਉਸਨੂੰ ਲੱਗਦਾ ਸੀ ਕਿ ਜੇ ਇਹ ਮੇਰਾ ਸਮਾਨ ਚੁੱਕ ਕੇ ਤੁਰੇਗਾ ਤਾਂ ਮੇਰਾ ਉਸ ਨਾਲ ਕੁੱਝ ਸਬੰਧ ਜ਼ਰੂਰ ਜੁੜੇਗਾ। ਉਸਦੀ ਹੋਂਦ ਦਾ ਪ੍ਰਭਾਵ ਉਹ ਆਪਣੀ ਹੈਸੀਅਤ ਤੇ ਪੈਂਦਾ ਮਹਿਸੂਸ ਜ਼ਰੂਰ ਕਰੇਗਾ ਉਸ ਬਾਰੇ ਬਿੰਬ ਹੈ, "ਜਿਵੇਂ ਖੋਤੇ ਜਾਂ ਮੋਟਰ ਤੇ ਸਮਾਨ ਰਖਿਆ ਹੋਇਆ ਹੁੰਦਾ ਹੈ।" (ਪੰਨਾ 177.)

'ਏਕਸ ਕੇ ਹਮ ਬਾਰਿਕ' ਕਹਾਣੀ ਦਾ ਰਾਮ ਸਿੰਘ ਕੰਮ ਬਹੁਤ ਫੁਰਤੀ ਨਾਲ ਕਰਦਾ ਸੀ। ਮੈਂ ਪਾਤਰ ਉਸ ਬਾਰੇ ਕਹਿੰਦਾ ਹੈ ਕਿ ਕਿਸੇ ਕੰਮ ਨੂੰ ਜਦੋਂ ਅਸੀਂ ਬਿਜਲੀ ਦੀ ਘੰਟੀ ਦਾ ਬਟਨ ਦਬਦੇ ਤਾਂ ਉਹ ਸਾਡੇ ਸਾਹਮਣੇ ਝੱਟ ਆ ਕੇ ਖੜ੍ਹ ਜਾਂਦਾ। ਉਸ ਬਾਰੇ ਬਿੰਬ ਹੈ , "ਜਿਵੇਂ ਉਹ ਵੀ ਕੋਈ ਬਿਜਲੀ ਦੀ ਕਲਾ ਹੀ ਹੁੰਦਾ ਹੈ।" (ਪੰਨਾ 181.)

ਜਦੋਂ ਸ਼ਿਮਲੇ ਤੋਂ ਆਪਣੇ ਪ੍ਰੇਮੀ ਨਾਲ ਭੱਜ ਕੇ ਆਈ ਪਹਾੜਨ ਕਿਸੇ ਹੋਰ ਪ੍ਰੇਮੀ ਨਾਲ ਅੱਗੇ ਜੁੜ ਜਾਂਦੀ ਹੈ। ਪਹਿਲਾ ਪ੍ਰੇਮੀ ਉਸ ਉਤੇ ਘਰੋਂ ਚੋਰੀ ਕਰ ਕੇ ਲਿਜਾਣ ਦਾ ਇਲਜਾਮ ਲਗਾਉਂਦਾ ਹੈ। ਇਸ ਗੱਲ ਦੇ ਨਿਪਟਾਰੇ ਲਈ ਮੈਂ ਪਾਤਰ ਤੇ ਉਸਦੇ ਦੋਸਤ ਅੱਗੇ ਬੈਠਾ ਨਵਾਂ ਬਣਿਆ ਪ੍ਰੇਮੀ ਜੋੜਾ ਕੀ ਮਹਿਸੂਸ ਕਰਦਾ ਹੈ,ਉਸ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਤੂੜੀ ਦੀ ਕਿਸੇ ਧੜ ਵਿਚੋਂ ਫੋਲ ਕੇ ਇਕ ਲਾਲ ਲੱਭਣ ਦੇ ਵੱਡੇ ਸਾਰੇ ਮੁਕਾਬਲੇ ਵਿਚ ਉਹ ਜਿੱਤ ਗਏ ਹੋਣ। ਉਹ ਸਾਰੀਆਂ ਚਿੰਤਾਵਾਂ ਤੋਂ ਮੁਕਤ ਸ਼ਾਂਤ ਬੈਠੇ ਸਨ।" (ਪੰਨਾ 183.)

ਇਸ ਪ੍ਰੇਮੀ ਜੋੜੇ ਦੀ ਘਟਨਾ ਤੋਂ ਬਾਅਦ ਰਾਮ ਸਿੰਘ ਪਹਿਲੀ ਵਾਰ ਘਰ ਵਿਚ ਮਹਿਸੂਸ ਹੋ ਰਿਹਾ ਸੀ। ਅੱਗੇ ਉਹ ਹਮੇਸ਼ਾ ਚੁੱਪ ਰਹਿੰਦਾ ਸੀ। ਇਸ ਘਟਨਾ ਨੂੰ ਉਹ ਵੀ ਸੁਣਦਾ ਰਿਹਾ ਸੀ। ਅੱਜ ਉਹ ਰੋਟੀ ਖਵਾਉਂਦਾ ਹੋਇਆ ਉਨ੍ਹਾਂ ਬਾਰੇ ਗੱਲਾਂ ਕਰ ਰਿਹਾ ਸੀ। ਉਹ ਅੱਜ ਕਿਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ ਉਸ ਬਾਰੇ ਬਿੰਬ ਹੈ, " ਜਿਵੇਂ ਅਸੀਂ ਤਿੰਨੋਂ ਇਕ ਪਿੰਡ ਦੇ ਬੰਦੇ ਹੋਈਏ ਤੇ ਰਾਤੀ ਤਨੂਰ ਦੇ ਦੁਆਲੇ ਰੋਟੀਆਂ ਪਕਾਣ ਖਾਣ ਵਾਲਿਆਂ ਨੂੰ ਸੁਣਾ ਰਿਹਾ ਹੋਵੇ"। ਤੇ ਅਸੀਂ ਚੁੱਪ ਕਰਕੇ ਸੁਣਦੇ ਰਹੇ ਜਿਵੇਂ,ਕਿਸੇ ਮੇਲੇ ਤੇ ਘੋਲ ਵੇਖ ਕੇ ਘਰ ਜਾ ਰਹੇ ਲੋਕ ਰਸਤੇ ਵਿਚ ਹੋਰ ਘੋਲਾਂ ਤੇ ਭਲਵਾਨਾਂ ਦੀਆਂ ਗੱਲਾਂ ਦਿਲਚਸਪੀ ਨਾਲ ਸੁਣਦੇ ਹਨ।" (ਪੰਨਾ 183.)

'ਪਤੀ' ਕਹਾਣੀ ਦੀ ਪਾਤਰ ਆਪਣੇ ਆਚਰਣ ਕਰਕੇ ਪੂਰੇ ਮਹੁੱਲੇ ਵਿਚ ਬਦਨਾਮ ਸੀ ਪਰ ਇਸ ਬਦਨਾਮੀ ਦਾ ਉਸ ਉਤੇ ਭੋਰਾ ਅਸਰ ਨਹੀਂ ਸੀ। ਬਿੰਬ ਹੈ, " ਚੋਰ-ਚੋਰ ਦੀ ਖੇਡ ਵਿਚ ਚੋਰ ਬਣੇ ਹੋਏ ਮੁੰਡੇ ਦੇ ਦਿਲ ਵਿਚ ਇਹ ਕਦੀ ਨਹੀਂ ਆਉਂਦਾ ਕਿ ਉਸ ਨੇ ਕੋਈ ਕਸੂਰ ਕੀਤਾ ਹੈ। ਜਿਸ ਤਰ੍ਹਾਂ ਏਅਰ ਕੰਨਡਿਸ਼ਨਰ ਗੱਡੀ ਵਿਚ ਬੈਠਾ ਮੁਸਾਫਰ ਬੜੇ ਆਰਾਮ ਨਾਲ ਸੈਰ ਕਰੀ ਜਾਂਦਾ ਹੈ ਬਾਹਰ ਭਾਂਵੇ ਗਰਮੀ ਤੇ ਧੂੜ ਨੇ ਕਿੰਨੀ ਆਫਤ ਲਿਆਂਦੀ ਹੋਈ ਹੋਵੇ।" (ਪੰਨਾ 190.)

ਜਦੋਂ ਇਕ ਵਾਰ ਮਿੱਨੀ ਕੋਲ ਆਇਆ ਉਸਦਾ ਇਕ ਦੋਸਤ ਮਿੱਨੀ ਦੇ ਘਰ ਪਈਆਂ ਫੋਟੋਆਂ ਦੇਖਦਾ

ਹੋਇਆ ਮਿੱਨੀ ਦੇ ਪਹਿਲਾਂ ਬਣੇ ਐਸ.ਡੀ.ਓ. ਦੇ ਸਬੰਧਾਂ ਦੀ ਗੱਲ ਜਿਹੜੀ ਮਿੱਨੀ ਕਰਦੀ ਹੁੰਦੀ ਹੈ ਦੀ ਫੋਟੋ ਨੂੰ ਲੱਭਣ ਦਾ ਯਤਨ ਕਰਦਾ ਹੈ ਤਾਂ ਉਹ ਬੜੇ ਅਰਾਮ ਨਾਲ ਪੁੱਛਣ ਤੇ ਉਸਨੂੰ ਦੱਸਦੀ ਹੈ ਕਿ ਉਹ ਫੋਟੋ ਕਿਸੇ ਹੋਰ ਥਾਂ ਪਈ ਐ ਕਦੇ ਫੇਰ ਦਿਖਾਵਾਂਗੀ। ਮਿੱਨੀ ਦਾ ਇਸ ਸਬੰਧ ਬਾਰੇ ਜਵਾਬ ਇਸ ਤਰ੍ਹਾਂ ਸੀ ਇਸ ਬਾਰੇ ਬਿੰਬ ਹੈ, " ਜਿੰਨੀ ਉਸ ਦਾ ਆਪਣੇ ਪਸੰਦ ਦੀ ਇਕ ਸਲਵਾਰ ਖਰੀਦਣਾ।" (ਪੰਨਾ 191.)

ਮਿੱਨੀ ਦਾ ਆਪਣੇ ਪਤੀ ਨਾਲ ਵਿਵਹਾਰ ਇਸ ਤਰ੍ਹਾਂ ਦਾ ਸੀ ਜਿਸ ਕਰਕੇ ਉਹ ਮਿੱਨੀ ਤੇ ਸ਼ੱਕ ਕਰਨੋਂ ਇਨਕਾਰੀ ਸੀ। ਉਸਦੇ ਵਿਵਹਾਰ ਬਾਰੇ ਬਿੰਬ ਹੈ, "ਉਹ ਪਤੀ ਦੁਆਲੇ ਲੇਲੇ ਵਾਂਗ ਇਧਰ ਓਧਰ ਟਪੂਸੀਆਂ ਮਾਰਦੀ ਰਹਿੰਦੀ।" (ਪੰਨਾ 191.)

ਪਤੀ ਨੂੰ ਉਸਦੇ ਚੰਚਲ ਸੁਭਾ ਦਾ ਪਤਾ ਸੀ ਪਰ ਉਸਦੇ ਆਪਣੇ ਮਨ ਦਾ ਮਿੱਨੀ ਦੇ ਮਨ ਨਾਲ ਸਾਂਵਾ ਦੌੜਨਾ ਬੜਾ ਔਖਾ ਸੀ। ਬਿੰਬ ਹੈ, "ਜਿਸ ਤਰ੍ਹਾਂ ਕੋਈ ਤਿੱਤਰ ਨੂੰ ਫੜਨ ਲਈ ਰੁੱਖੋ-ਰੁੱਖ ਉਸਦੇ ਪਿੱਛੇ ਭਜਦਾ ਫਿਰੇ।" (ਪੰਨਾ 191.)

'ਮਿਹਰ ਗੁੱਲ' ਕਹਾਣੀ ਵਿਚ ਸ਼ਿਮਲੇ ਦੇ ਮਾਲ ਰੋਡ ਦਾ ਦ੍ਰਿਸ਼ ਹੈ ਜਿੱਥੇ ਦਫਤਰਾਂ ਦੇ ਬਾਬੂ ਅਰਾਮ ਕਰਨ ਲਈ ਬੈਂਚਾਂ ਉਤੇ ਆ ਕੇ ਅੱਖਾਂ ਬੰਦ ਕਰਕੇ ਲੇਟ ਜਾਂਦੇ ਹਨ। ਅੱਖਾਂ ਖੋਲਣ ਉਤੇ ਪਹਾੜਾਂ ਦੇ ਦ੍ਰਿਸ਼ਾਂ ਨੂੰ ਉਹ ਕਿਸ ਤਰ੍ਹਾਂ ਦੇਖਦੇ ਹਨ ਉਨ੍ਹਾਂ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਇਕ ਰਜਿਆ ਹੋਇਆ ਢੱਗਾ ਤੂੜੀ ਵੱਲ ਵੇਖਦਾ ਹੈ।" (ਪੰਨਾ 195.)

ਚੀਲ਼ ਤੇ ਕੈਲ ਦੇ ਰੁੱਖਾਂ ਨਾਲ ਢੱਕੀ ਵਾਦੀ ਕਿਹੋ ਜਿਹੀ ਦਿਖਾਈ ਦਿੰਦੀ ਹੈ ਉਸ ਬਾਰੇ ਬਿੰਬ ਵਰਤਿਆ ਹੈ, "ਕਿਸੇ ਵੱਡੇ ਸਾਰੇ ਜਨੌਰ ਦੇ ਚਿਤਰੇ-ਮਿਤਰੇ ਖੰਭਾਂ ਵਾਂਗ।" (ਪੰਨਾ 195.)

ਮਿਹਰ ਗੁੱਲ ਉਥੇ ਬੈਠਾ ਅੰਗਰੇਜ਼ੀ ਸਿਖਣ ਵਿਚ ਮਗਨ ਰਹਿੰਦਾ। ਉਸ ਨੂੰ ਆਲੇ ਦੁਆਲੇ ਦੀ ਕੋਈ ਵੀ ਚੀਜ਼ ਪ੍ਰਭਾਵਿਤ ਨਾ ਕਰਦੀ। ਇਥੋਂ ਤਕ ਕਿ ਇਹਦੇ ਬਾਰੇ ਬਿੰਬ ਹੈ, "ਰੰਗ ਬਰੰਗੀਆਂ ਛਤਰੀਆਂ ਤਾਣੀ ਟਿਪ ਟਿਪ ਤੁਰਦੀਆਂ ਜਨਾਨੀਆਂ,ਗੋਟੇ ਜੜੀਆਂ ਘਗਰੀਆਂ ਪਾਈ ਪਹਾੜਨਾਂ, ਅਲਫ ਲੈਲਾ ਦੀਆਂ ਕਹਾਣੀਆਂ ਦੇ ਪਾਤਰਾਂ ਵਾਂਗ ਰਿਕਸ਼ਿਆਂ ਵਿਚ ਬੈਠੀਆਂ ਸੁੰਦਰ ਤੇ ਮਸਤਾਨੀਆਂ ਮੇਮਾਂ।" (ਪੰਨਾ 196.)

'ਦੋ ਝਾਕੀਆਂ' ਕਹਾਣੀ ਵਿਚ ਬਖਸ਼ੀ ਲਾਲ ਦੇ ਘਰ ਕੁੱਝ ਜੋੜੇ ਇਕੋ ਮੇਜ਼ ਤੇ ਬੈਠੇ ਚਾਹ ਪੀ ਰਹੇ ਸਨ। ਇਨ੍ਹਾਂ ਵਿਚੋਂ ਗੁਰਲਾਲ ਤੇ ਤੇਜਵੰਤ ਸਭ ਨੂੰ ਬੁੱਧੂ ਬਣਾ ਰਹੇ ਸਨ। ਉਹ ਵਿਆਹੇ ਵਰੇ ਸਨ ਤੇ ਆਪਣੇ ਪਤੀ ਪਤਨੀ ਸਮੇਤ ਆਏ ਹੋਏ ਸਨ। ਉਨ੍ਹਾਂ ਦੇ ਇਸ ਵਤੀਰੇ ਬਾਰੇ ਬਿੰਬ ਹੈ, "ਕਿਸੇ ਹੁਸ਼ਿਆਰ ਮਦਾਰੀ ਵਾਂਗ,ਇਹ ਦੋਨੋਂ ਇਕੋ ਵਕਤ ਕਈ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।" (ਪੰਨਾ 199.)

ਪਿਆਲੀਆਂ ਵਿਚ ਖੰਡ ਪਾਉਂਦਿਆਂ ਦੋ ਖੰਡ ਦੀਆਂ ਦਾਨੀਆਂ ਦੇ ਢੱਕਣ ਆਪੋ ਵਿਚ ਵੱਟ ਗਏ ਸਨ। ਠੀਕ ਪੂਰੇ ਨਾ ਆਉਣ ਕਰਕੇ ਤੇ ਹੋਰ ਰੰਗ ਦੇ ਹੋਣ ਕਰਕੇ ਇਹ ਬੜੇ ਕੋਝੇ ਲੱਗਦੇ ਸਨ। ਉਸ ਸਮੇਂ ਗੁਰਲਾਲ ਜੋ ਸੋਚਦਾ ਹੈ ਉਸ ਬਾਰੇ ਬਿੰਬ ਹੈ, "ਇਹਨਾਂ ਚਾਹ ਦਾਨੀਆਂ ਦੁਆਲੇ ਬੈਠਿਆਂ ਕੁਝ ਜੋੜਿਆਂ ਦਾ ਵੀ ਇਹੋ ਹਾਲ ਹੈ।" (ਪੰਨਾ 199.)

ਤੇਜਵੰਤ ਗੁਰਲਾਲ ਦੇ ਹਰ ਭਾਵ ਨੂੰ ਸਮਝ ਰਹੀ ਸੀ ਦੋਵਾਂ ਦੀ ਬਹੁਤ ਨੇੜੇ ਦੀ ਸਾਂਝ ਸੀ। ਗੁਰਲਾਲ ਨੂੰ ਕਿਸ ਤਰ੍ਹਾਂ ਲੱਗ ਰਿਹਾ ਸੀ ਉਸ ਬਾਰੇ ਬਿੰਬ ਹੈ, "ਜਿਵੇਂ ਉਸਦੇ ਆਪਣੇ ਸਰੀਰ ਦਾ ਸਤ ਕੱਢ ਕੇ ਕਿਸੇ ਨੇ ਉਸ ਕੁਰਸੀ ਤੇ ਰੱਖ ਦਿੱਤਾ ਹੋਵੇ।" (ਪੰਨਾ 199.)

ਗੁਰਲਾਲ ਤੇਜਵੰਤ ਨੂੰ ਆਖਦਾ ਹੈ,ਬਿੰਬ ਹੈ, "ਤੂੰ ਤੇ ਮੈਂ ਦੋਵੇਂ ਇਸ ਤਰ੍ਹਾਂ ਹਾਂ ਜਿਵੇਂ ਅੱਧ ਵਿਚੋਂ ਕੱਟੇ ਹੋਏ ਸੇਬ ਦੇ ਦੋ ਹਿੱਸੇ ਹੁੰਦੇ ਨੇ ਬਿਲਕੁੱਲ ਇਕੋ ਜਿਹੇ।" (ਪੰਨਾ 199.)

ਗੁਰਲਾਲ ਸੋਚਦੈ ਕਿ ਜਿਹੋ ਜਿਹੀਆਂ ਗੱਲਾਂ ਤੇਜਵੰਤ ਅਰਾਮ ਨਾਲ ਕਹਿ ਜਾਂਦੀ ਹੈ ਇਹੋ ਜਿਹੀਆਂ ਲਿਖਾਰੀ ਔਖੇ ਹੋ ਕੇ ਕਿਤਾਬਾਂ ਵਿਚ ਲਿਖਦੇ ਨੇ, ਬਿੰਬ ਹੈ, "ਖਿਆਲਾਂ ਨਾਲ ਉਹ ਇਸ ਤਰ੍ਹਾਂ ਠਰ੍ਹੰਮੇ ਨਾਲ ਖੇਡਦੀ ਜਿਵੇਂ ਕੋਈ ਬਿੱਲੀ ਕਾਬੂ ਆਏ ਚੂਹੇ ਨਾਲ ਖੇਡਦੀ ਹੈ।" (ਪੰਨਾ 200.)

ਇਸ ਤੋਂ ਅੱਗੇ ਇਕ ਹੋਰ ਬਿੰਬ ਹੈ, "ਡੂੰਘੇ-ਡੂੰਘੇ ਬਿਆਨ ਵਿਚੋਂ ਉਸ ਦੀ ਜਬਾਨ ਇਸ ਤਰ੍ਹਾਂ ਫਿਰ ਜਾਂਦੀ ਜਿਵੇਂ ਮੱਛੀ ਪਾਣੀ ਵਿਚੋਂ। ਤੇਜਵੰਤ ਨੂੰ ਕਹਿਣ ਵਾਸਤੇ ਮਨ ਵਿਚ ਆਈਆਂ ਗੱਲਾਂ ਬੜੇ ਜ਼ੋਰ ਨਾਲ ਬਿਆਨ ਮੰਗਦੀਆਂ ਤੇ ਉਹਨਾਂ ਦਾ ਗੁਰਲਾਲ ਦੇ ਮਨ ਤੇ ਇੰਨਾ ਬੋਝ ਹੋ ਜਾਂਦਾ ਜਿੰਨਾ ਇਕ ਅਣਜੰਮੇ ਬੱਚੇ ਦਾ ਮਾਂ ਦੇ ਸਰੀਰ ਤੇ।" (ਪੰਨਾ 200.)

ਇਸਦੇ ਉਲਟ ਤੇਜਵੰਤ ਨੂੰ ਜਦੋਂ ਮੌਕਾ ਮਿਲਦਾ ਤੇ ਆਪਣੇ ਪੁਰਾਣੇ ਦੁੱਖਾਂ ਨੂੰ ਗੁਰਲਾਲ ਅੱਗੇ ਬਿਨਾਂ

ਕਿਸੇ ਤਰਤੀਬ ਦੇ ਫੋਲ ਸੁੱਟਦੀ, ਉਸ ਬਾਰੇ ਬਿੰਬ ਹੈ, "ਜਿਵੇਂ ਕੀੜਾ ਲਗਣ ਕਰ ਕੇ ਕਿਸੇ ਭਰੇ ਟਰੰਕ ਵਿਚੋਂ ਕੱਪੜੇ ਬਾਹਰ ਸੁੱਟੀਦੇ ਨੇ।" (ਪੰਨਾ 200.)

ਉਨ੍ਹਾਂ ਨੂੰ ਆਪਸ ਵਿਚ ਮਿਲਣ ਦੇ ਮੌਕੇ ਬਹੁਤ ਘੱਟ ਮਿਲਦੇ ਇਸ ਬਾਰੇ ਬਿੰਬ ਹੈ, "ਵਰਖਾ ਕਦੀ ਕਦਾਈ ਹੁੰਦੀ ਤੇ ਬਹੁਤਾ ਵਕਤ ਔੜ ਲਗੀ ਰਹਿੰਦੀ ਤੇ ਇਸ ਔੜ ਵਿਚ ਉਨ੍ਹਾਂ ਦੇ ਸਰੀਰ ਭੁੱਜਦੇ।" (ਪੰਨਾ 200.)

ਇਸੇ ਕਹਾਣੀ ਵਿਚ ਇਕ ਹੋਰ ਬਿਰਤਾਂਤ ਬੀਕਾਨੇਰ ਤੋਂ ਸੋਕਾ ਪੈਣ ਕਰਕੇ ਪੰਜਾਬ ਵਿਚ ਇਕ ਕਬੀਲਾ ਆ ਕੇ ਰਹਿੰਦਾ ਸੀ ਦੇ ਬਾਰੇ ਹੈ। ਕੁਟੰਬ ਦੀ ਮਾਲਕਣ ਬੁੱਢੀ ਜਦੋਂ ਆਪਣੇ ਤੀਹ ਸਾਲ ਵੱਡੀ ਉਮਰ ਦੇ ਬਜੁਰਗ ਪਤੀ ਨਾਲ ਮੈਂ ਪਾਤਰ ਦੀ ਜਾਣ ਪਛਾਣ ਕਰਵਾਉਂਦੀ ਹੈ ਉਸ ਬਾਰੇ ਬਿੰਬ ਹੈ, " ਜਿਸ ਤਰ੍ਹਾਂ ਕੋਈ ਸ਼ਿਸ ਬੜੇ ਗਰਵ ਨਾਲ ਆਪਣੇ ਇਸ਼ਟ ਵਲ ਲੋਕਾਂ ਦਾ ਧਿਆਨ ਦਿਵਾ ਰਿਹਾ ਹੋਵੇ।" (ਪੰਨਾ 202.)

ਫਿਰ ਉਹ ਬੁੱਢੀ ਰੋਟੀਆਂ ਪਕਾਣ ਲੱਗ ਜਾਂਦੀ ਹੈ,ਉਸ ਬਾਰੇ ਬਿੰਬ ਹੈ, "ਉਸਦੀ ਰੋਟੀਆਂ ਪਕਾਣ ਵਿਚ ਉਵੇਂ ਹੀ ਚੁਸਤੀ ਸੀ ਜਿਵੇਂ ਕੋਈ ਨਵੀਂ ਵਿਆਹੀ ਬਾਹਰੋਂ ਹਲ ਵਾਹ ਕੇ ਆਉਂਦੇ ਗੱਭਰੂ ਲਈ ਪਕਾ ਰਹੀ ਹੋਵੇ।" (ਪੰਨਾ 202.)

ਫਿਰ ਮੈਂ ਪਾਤਰ ਬੁੱਢੇ ਨਾਲ ਗੱਲਾਂ ਕਰਦਾ ਹੈ ਤਾਂ ਉਸਨੂੰ ਬੁੱਢਾ ਹੋਣ ਕਰਕੇ ਗੱਲਾਂ ਭੁੱਲ ਜਾਂਦੀਆਂ ਹਨ। ਉਸਦੇ ਗੱਲਾਂ ਕਰਨ ਬਾਰੇ ਬਿੰਬ ਹੈ, "ਗੱਲਾਂ ਕਰਦੇ ਉਸਨੂੰ ਭੁੱਲ ਜਾਂਦਾ ਕਿ ਉਹ ਕੀ ਕਹਿ ਰਿਹਾ ਸੀ,ਜਿਸ ਤਰ੍ਹਾਂ ਜਗਦੀ ਬੱਤੀ ਦੇ ਪਿਛੋਂ ਬਿਜਲੀ ਕੱਟੀ ਜਾਂਦੀ ਹੈ।" (ਪੰਨਾ 202.)

'ਬਹੁਤ ਨੇੜੇ ਬਹੁਤ ਦੂਰ' ਕਹਾਣੀ ਦੇ ਪਾਤਰ ਤਾਰੇ ਕੋਲ ਗੱਡੀ ਵਿਚ ਕੋਲ ਆ ਕੇ ਇਕ ਪੜ੍ਹੀ ਲਿਖੀ ਕੁੜੀ ਬੈਠ ਗਈ। ਤਾਰਾ ਉਸ ਅੱਗੇ ਆਪਣੇ ਆਪ ਨੂੰ ਬਹੁਤ ਨਿਗੁਣਾ ਸਮਝਣ ਲੱਗ ਪਿਆ। ਉਸ ਦੀ ਹਾਲਤ ਬਾਰੇ ਬਿੰਬ ਹੈ, "ਜਿਵੇਂ ਉਹ ਆਪ ਕੁੱਝ ਹੁੰਦਾ ਹੀ ਨਹੀਂ, ਜਿਵੇਂ ਉਸ ਨੂੰ ਕਦੇ ਤਿੰਨਾਂ ਤਿੰਨਾਂ ਬੰਦਿਆਂ ਕੋਲੋਂ ਜਵਾਰ ਦੀਆਂ ਭਰੀਆਂ ਨਹੀਂ ਚੁੱਕੀਆਂ ਹੁੰਦੀਆਂ,ਜਿਵੇਂ ਉਸ ਨੇ ਕਦੀ ਕਹੀ ਨਾਲ ਖਾਲ ਵਿਚੋਂ ਭਲ ਪੁਟ ਕੇ ਇਸ ਦੇ ਉਚੇ ਉਚੇ ਕੰਢਿਆਂ ਤੋਂ ਪਾਰ ਨਹੀਂ ਸੁੱਟੀ ਹੁੰਦੀ,ਜਿਵੇਂ ਉਸਨੇ ਸਵੇਰੇ ਉੱਠ ਕੇ ਹਲਾਂ ਨੂੰ ਜਾਂਦੇ ਰਾਹ ਕਦੀ ਆਕੀ ਹੋਏ ਫਨੀਅਰ ਸੱਪਾਂ ਨੂੰ ਨਹੀਂ ਮਾਰਿਆ ਹੁੰਦਾ।" (ਪੰਨਾ 205.)

ਤਾਰਾ ਗੱਡੀ ਵਿਚ ਉਸਦੇ ਕੋਲ ਬੈਠਾ ਵੀ ਆਪਣੇ ਆਪ ਨੂੰ ਉਸ ਤੋਂ ਕਿੰਨੀ ਦੂਰ ਮਹਿਸੂਸ ਕਰ ਰਿਹਾ ਸੀ ਉਸ ਬਾਰੇ ਬਿੰਬ ਹੈ, "ਜਿੰਨੀਆਂ ਇਸ ਬ੍ਰਹਿਮੰਡ ਵਿਚ ਕੋਈ ਦੋ ਚੀਜ਼ਾਂ ਹੋ ਸਕਦੀਆਂ ਨੇ।" (ਪੰਨਾ 207.)

ਕੁੜੀ ਸੀਟ ਉੱਤੇ ਸੌਂ ਗਈ ਪਰ ਤਾਰਾ ਚਹੁੰਦਾ ਹੋਇਆ ਵੀ ਨਹੀਂ ਸੌਂ ਸਕਿਆ। ਉਸ ਨੂੰ ਅਧ ਸੁੱਤੇ ਨੂੰ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਅਚਾਨਕ ਅਧ ਸੁੱਤਾ ਤਾਰਾ ਚੀਕਾ ਮਾਰਨ ਲੱਗ ਪਿਆ। ਉਸਦੀ ਹਾਲਤ ਦਾ ਬਿਆਨ ਇਸ ਬਿੰਬ ਰਾਹੀਂ ਕੀਤਾ ਗਿਆ ਹੈ, " ਜਿਸ ਤਰ੍ਹਾਂ ਕੋਈ ਇਕ ਥਾਂ ਦਾ ਬਾਰੂਦ ਫਟਣ ਨਾਲ ਕੋਲ ਦਾ ਬਾਰੂਦ ਆਪਣੇ ਆਪ ਬਿਨਾਂ ਅੱਗ ਦੇ ਫਟ ਜਾਂਦਾ ਹੈ।" (ਪੰਨਾ 207.)

ਕਹਾਣੀ 'ਉਸੇ ਕਰਕੇ' ਦਾ ਹਰਵੰਤ ਸਿੰਘ ਜਦੋਂ ਮੁਕਾਬਲੇ ਦੇ ਇਮਤਿਹਾਨ ਵਿਚ ਸਿੱਧਾ ਡਿਪਟੀ ਬਣ ਗਿਆ ਸੀ ,ਉਦੋਂ ਉਸਨੂੰ ਆਪਣੀ ਬੁੱਧੀ ਚਤੁਰਾਈ ਤੇ ਕਿੰਨਾ ਮਾਣ ਸੀ ਬਾਕੀ ਦੁਨੀਆਂ ਉਸ ਨੂੰ ਆਪਣੇ ਮੁਕਾਬਲੇ ਕਿਹੋ ਜਿਹੀ ਲੱਗਦੀ ਹੈ ਉਸ ਬਾਰੇ ਬਿੰਬ ਹੈ, "ਜਿਵੇਂ ਉਹ ਕਬੂਤਰਾਂ ਦੇ ਸੁਹਣੇ ਸੁਹਣੇ ਬੱਚੇ ਹੁੰਦੇ ਹਨ ਤੇ ਉਹ ਇਕੱਲਾ ਹੀ ਆਦਮੀ ਸੀ।" (ਪੰਨਾ 210.)

ਫਿਰ ਹਰਵੰਤ ਦੀ ਜ਼ਿੰਦਗੀ ਵਿਚ ਇਕ ਰਮਿੰਦਰ ਨਾਂ ਦੀ ਕੁੜੀ ਆ ਜਾਂਦੀ ਹੈ। ਉਸ ਬਾਰੇ ਬਿੰਬ ਹੈ, "ਉਹ ਉਸ ਕੋਲ ਲੇਲੇ ਵਾਂਗ ਖੜੀ ਰਹਿੰਦੀ। ਹਰਵੰਤ ਨੇ ਉਸ ਨੂੰ ਕਦੀ ਹੱਥ ਨਹੀਂ ਲਾਇਆ ਸੀ। ਉਸਨੂੰ ਉਹ ਦੂਰ ਖੜੀ ਹੀ ਖੁਸ਼ੀ ਦਿੰਦੀ ਰਹਿੰਦੀ ਜਿਵੇਂ ਸ਼ਹਿਰ ਤੋਂ ਬਾਹਰ ਲੱਗੇ ਬਿਜਲੀ ਦੇ ਇੰਜਣਾਂ ਤੋਂ ਸ਼ਹਿਰ ਜਗਮਗ ਜਗਮਗ ਕਰ ਉਠਦੇ ਹਨ। ਉਸਦਾ ਸਰੀਰ ਖੁਸ਼ੀ ਵਿਚ ਗੜੁੱਚ ਇਕ ਸਪੰਜ ਸੀ। ਜਿਸ ਨੂੰ ਹੱਥ ਲਾਇਆਂ ਕਿਤੋਂ ਖੇੜਾ ਫੁੱਟ ਫੁੱਟ ਕੇ ਬਾਹਰ ਨਿਕਲਦਾ। ਇਸ ਤਰ੍ਹਾਂ ਲੱਗਦਾ ਜਿਵੇਂ ਉਸ ਦੀ ਖੱਲ ਦੇ ਅੰਦਰ ਹੱਡੀਆਂ ਤੇ ਮਾਸ ਮਿਲਗੋਭਾ ਹੋ ਕੇ ਸੁੱਧਾ ਅਨੰਦ ਬਣ ਗਏ ਸਨ।" (ਪੰਨਾ 210.)

ਦਿੱਲੀ ਇਕ ਮਟਿੰਗ ਵਿਚ ਬੈਠਾ ਵੀ ਹਰਵੰਤ ਆਪਣੀ ਇਕ ਵੱਖਰੀ ਹੋਂਦ ਮਹਿਸੂਸ ਕਰ ਰਿਹਾ ਸੀ ਜਦੋਂ ਕਿ ਸਾਰੇ ਉਸਦੇ ਬਰਾਬਰ ਦੇ ਅਫਸਰ ਸਨ। ਉਸ ਬਾਰੇ ਬਿੰਬ ਹੈ, " ਜਿਵੇਂ ਉਹ ਇਕ ਭੰਗੂ ਕੁੱਤਾ ਸੀ । ਇੰਨੇ ਹੋਰ ਭੰਗੂ ਕੁੱਤਿਆਂ ਦੇ ਵਿਚਕਾਰ ਇਕ ਭੰਗੂ ਕੁੱਤੇ ਦੀ ਹੋਂਦ ਕੀ ਫਰਕ ਪਾਂਦੀ ਸੀ।" (ਪੰਨਾ 212.)

ਉਥੇ ਬੈਠਿਆਂ ਹਰਵੰਤ ਦੇ ਖਿਆਲ ਇਕ ਦਮ ਰਮਿੰਦਰ ਕੋਲ ਚਲੇ ਗਏ। ਉਹ ਰਮਿੰਦਰ ਨੂੰ ਆਪਣੇ ਨੇੜੇ

ਮਹਿਸੂਸ ਕਰਨ ਲੱਗਿਆ। ਉਹ ਉਸਦੇ ਖਿਆਲਾਂ ਵਿਚੋਂ ਲੰਬਾ ਸਮਾਂ ਦੂਰੀ ਬਣਾ ਕੇ ਨਹੀਂ ਰੱਖ ਸਕਦਾ ਸੀ। ਬਿੰਬ ਹੈ, "ਜਿਸ ਤਰ੍ਹਾਂ ਧਰਤੀ ਕਦੀ ਸੂਰਜ ਦੇ ਨਿੱਘ ਤੋਂ ਬਹੁਤੀ ਦੇਰ ਵਾਂਜੀ ਨਹੀਂ ਰਹਿੰਦੀ।" (ਪੰਨਾ 212.)

'ਦੇ ਲੰਮੀ ਨਦਰਿ ਨਿਹਾਲਿਐ' ਕਹਾਣੀ ਦੀ ਪਾਤਰ ਪ੍ਰੀਤਮ ਕੌਰ ਪਤੀ ਦੇ ਦੂਜਾ ਵਿਆਹ ਕਰਵਾ ਲੈਣ ਤੋਂ ਬਾਅਦ ਘਰ ਵਿਚ ਬੇਲੋੜੀ ਹੋ ਗਈ ਸੀ। ਜਦੋਂ ਉਸ ਨੂੰ ਦਮਾ ਹੋ ਗਿਆ ਫਿਰ ਤਾਂ ਉਹ ਬਿਲਕੁੱਲ ਇਕੱਲੀ ਇਕ ਕੋਠੜੀ ਵਿਚ ਅਲੱਗ ਕਰ ਦਿੱਤੀ ਗਈ ਸੀ। ਇਕ ਦਿਨ ਉਸਦੀ ਕੋਠੜੀ ਵਿਚ ਇਕ ਚੂਚਾ ਆ ਗਿਆ। ਪ੍ਰੀਤਮ ਕੌਰ ਉਸਨੂੰ ਆਟੇ ਦੀਆਂ ਗੋਲੀਆਂ ਬਣਾ ਕੇ ਪਾਉਣ ਲੱਗ ਗਈ। ਉਹ ਚੂਚਾ ਗਿੱਝ ਕੇ ਉਥੇ ਹੀ ਰਹਿਣ ਲੱਗ ਪਿਆ। ਕੁੱਝ ਦਿਨਾਂ ਬਾਦ ਉਹ ਵੱਡਾ ਹੋ ਕੇ ਪੂਰੀ ਮੁਰਗੀ ਬਣ ਕੇ ਆਂਡਾ ਦੇ ਦਿੰਦਾ ਹੈ। ਪ੍ਰੀਤਮ ਕੌਰ ਆਂਡੇ ਨੂੰ ਆਪਣੀ ਤਲੀ ਤੇ ਰੱਖ ਕੇ ਵਾਰ-ਵਾਰ ਦੇਖ ਕੇ ਹੱਸ ਲੈਂਦੀ ਸੀ। ਉਸ ਬਾਰੇ ਬਿੰਬ ਹੈ, "ਜਿਵੇਂ ਸਿਆਲ ਵਿਚ ਧੁਪ ਦਾ ਰਸ ਲਈਦਾ ਏ। ਉਹ ਮਹਿਸੂਸ ਕਰਦੀ ਹੈ ਕਿ ਅੱਜ ਉਸ ਕੋਲ ਵੀ ਕੋਈ ਅਜਿਹੀ ਚੀਜ਼ ਹੈ ਜਿਸ ਦੀ ਕਿਸੇ ਨੂੰ ਲੋੜ ਹੋ ਸਕਦੀ ਹੈ।" (ਪੰਨਾ 222.)

ਕਹਾਣੀ 'ਧਰਤੀ ਹੇਠਲਾ ਬੌਲਦ' ਦੇ ਪਾਤਰ ਕਰਮ ਸਿੰਘ ਦੇ ਫੌਜ ਵਿਚ ਲਗਾਏ ਜਾਂਦੇ ਨਿਸ਼ਾਨੇ ਬਾਰੇ ਬਿੰਬ ਹੈ, "ਹੁਣ ਲੜਾਈ ਵਿਚ ਉਸ ਦੇ ਪੱਕੇ ਨਿਸ਼ਾਨੇ ਨੇ ਕਈ ਦੂਰ ਲੁਕੇ ਹੋਏ ਤੇ ਦਰਖਤਾਂ ਦੇ ਟਾਹਣ ਜਿਹੇ ਦਿਸਦੇ ਜਪਾਨੀ ਡੇਗੇ ਸਨ।" (ਪੰਨਾ 230.)

ਜਦੋਂ ਮਾਨ ਸਿੰਘ ਕਰਮ ਸਿੰਘ ਦਾ ਦੋਸਤ ਕਰਮ ਸਿੰਘ ਦੇ ਭਰਾ ਜਸਵੰਤ ਸਿੰਘ ਨੂੰ ਵੀ ਫੌਜ ਵਿਚ ਭਰਤੀ ਹੋਣ ਬਾਰੇ ਕਹਿੰਦਾ ਹੈ ਤਾਂ ਜਸਵੰਤ ਸਿੰਘ ਦੀ ਉਸ ਸਮੇਂ ਦੀ ਸਥਿਤੀ ਬਾਰੇ ਬਿੰਬ ਹੈ, "ਉਹ ਇਕ ਦਮ ਕੱਠਾ ਹੋ ਗਿਆ ਜਿਵੇਂ ਕੋਈ ਚੋਰੀ ਕਰਦਾ ਫੜਿਆਂ ਜਾਂਦਾ ਹੈ।" (ਪੰਨਾ 233.)

ਕਿਉਂਕਿ ਕਰਮ ਸਿੰਘ ਦੀ ਫੌਜ ਵਿਚ ਮੌਤ ਹੋ ਚੁੱਕੀ ਸੀ ਜਿਸਦੀ ਜਾਣਕਾਰੀ ਮਾਨ ਸਿੰਘ ਨੂੰ ਕਰਮ ਸਿੰਘ ਦੇ ਪਰਿਵਾਰ ਨੇ ਹਾਲੇ ਨਹੀਂ ਦਿੱਤੀ ਸੀ। ਪਰ ਜਦੋਂ ਮਾਨ ਸਿੰਘ ਨੂੰ ਡਾਕੀਏ ਤੋਂ ਕਰਮ ਸਿੰਘ ਦੀ ਮੌਤ ਦਾ ਪਤਾ ਲੱਗਦਾ ਹੈ ਤੇ ਕਰਮ ਸਿੰਘ ਦੇ ਪਿਤਾ ਦਾ ਆਪਣੇ ਦੁੱਖ ਨੂੰ ਇਕੱਲਿਆਂ ਚੁੱਕੀ ਫਿਰਨ ਦਾ ਪਤਾ ਲੱਗਦਾ ਹੈ ਤਾਂ ਮਾਨ ਸਿੰਘ ਉਸ ਬਾਰੇ ਕੀ ਸੋਚਦਾ ਹੈ ਉਸ ਬਾਰੇ ਬਿੰਬ ਹੈ, " ਜਿਵੇਂ ਕਰਮ ਸਿੰਘ ਦਾ ਪਿਤਾ ਹੀ ਉਹ ਧੌਲ਼ ਸੀ ਜਿਹੜਾ ਭਾਰ ਥੱਲੇ ਦਬਿਆ ਹੋਣ ਪਿਛੋਂ ਵੀ ਲੋਕਾਂ ਦਾ ਭਾਰ ਚੱਕਣਾ ਚਹੁੰਦਾ ਸੀ।" (ਪੰਨਾ 234.)

'ਇਕ ਫੇਰੀ' ਕਹਾਣੀ ਦੀ ਪਾਤਰ ਬੇਜੀ ਨੌਕਰ ਨੂੰ ਰੁਝਿਆ ਰੱਖਣ ਲਈ ਬੇਤਲਬੇ ਕੰਮ ਦਿੰਦੀ ਰਹਿੰਦੀ ਸੀ। ਮੈਂ ਪਾਤਰ ਤੇ ਉਸਦੀ ਪਤਨੀ ਉਸ ਸਮੇਂ ਅਸਮਾਨ ਵੱਲ ਦੇਖਦੇ ਹਨ ਜਦੋਂ ਬੇਜੀ ਨੌਕਰ ਨੂੰ ਮੀਂਹ ਆ ਜਾਣ ਦੇ ਡਰੋਂ ਪਾਥੀਆਂ ਚੁੱਕ ਕੇ ਅੰਦਰ ਰੱਖਣ ਨੂੰ ਆਖਦੀ ਹੈ। ਬਿੰਬ ਹੈ, "ਅਸਮਾਨ ਇਸ ਵੇਲੇ ਸ਼ੁੱਧ ਨੀਲ ਥਰ ਸੀ।" (ਪੰਨਾ 236.)

'ਰੱਜ ਨਾ ਕੋਈ ਜੀਵਿਆ' ਕਹਾਣੀ ਦਾ ਪਾਤਰ ਸਤਪਾਲ ਜਦੋਂ ਆਪਣੀ ਮਾਂ ਦੀ ਸਹੇਲੀ ਦੇ ਘਰ ਗਿਆ ਸੀ। ਸਹੇਲੀ ਦੀ ਕੁੜੀ ਸਤਪਾਲ ਨਾਲ ਗੱਲਾਂ ਕਰਦਿਆਂ ਅੱਖਾਂ, ਸਿਰ, ਹੱਥ ਗੱਲ ਦੇ ਮੁਤਾਬਕ ਹਿਲਾਉਂਦੀ ਸੀ। ਉਸ ਦੇ ਤੌਰ ਤਰੀਕੇ ਬਾਰੇ ਬਿੰਬ ਹੈ, "ਇਕੱਲੀਆਂ ਗੱਲਾਂ ਤੇ ਇਸ ਤਰ੍ਹਾਂ ਸਨ ਜਿਵੇਂ ਇਕ ਤਸਵੀਰ ਬਨਾਣ ਲਈ ਬਾਹਰਲੀਆਂ ਲਕੀਰਾਂ ਖਿੱਚੀਆਂ ਹੋਣ। ਸਰੀਰ ਦੇ ਵੱਖ-ਵੱਖ ਅੰਗਾਂ ਦੇ ਇਸ ਨਾਚ ਨਾਲ ਉਸ ਵਿਚ ਰੰਗ ਭਰਿਆ ਜਾਂਦਾ, ਨੈਣ ਨਕਸ਼ ਉਘੜ ਆਉਂਦੇ।" (ਪੰਨਾ 240.)

ਸਤਪਾਲ ਕੁੜੀ ਤੋਂ ਬਹੁਤ ਪ੍ਰਭਾਵਿਤ ਹੋ ਗਿਆ ਸੀ ਜਦੋਂ ਉਹ ਉਥੋਂ ਤੁਰਿਆ ਤਾਂ ਸਵਾਦ ਨਾਲ ਇਸ ਤਰ੍ਹਾਂ ਭਰਿਆ ਪਿਆ ਸੀ ਬਿੰਬ ਹੈ, "ਜਿਵੇਂ ਪੱਕਾ ਹੋਇਆ ਅੰਬ।" (ਪੰਨਾ 240.)

ਜਦੋਂ ਕੁੜੀ ਨੇ ਦੱਸਿਆ ਕਿ ਗਾਉਣ ਤੋਂ ਬਾਦ ਉਹ ਬਹੁਤ ਥੱਕ ਜਾਂਦੀ ਹੈ। ਇਹੋ ਜਿਹੀ ਗੱਲ ਸਤਪਾਲ ਨੇ ਪਹਿਲਾਂ ਕਦੇ ਸੁਣੀ ਨਹੀਂ ਸੀ;ਉਸਦੇ ਖਿਆਲ ਵਿਚ ਗਾਉਣਾ ਮਜ਼ੇਦਾਰ ਕੰਮ ਸੀ। ਬਿੰਬ ਹੈ, "ਜਿਵੇਂ ਬੱਚੇ ਲਈ ਲੁੱਡੀ ਪਾਉਣੀ।" (ਪੰਨਾ 240.)

ਕੁੜੀ ਦੀਆਂ ਗੱਲਾਂ ਦੇ ਅਸਰ ਹੇਠ ਸਤਪਾਲ ਦੀ ਸਥਿਤੀ ਬਾਰੇ ਬਿੰਬ ਹੈ, " ਨੜੇ ਵਾਂਗ ਉਧੜਦਾ ਜਾ ਰਿਹਾ ਸੀ।" (ਪੰਨਾ 240.)

ਹੋਟਲ ਦਾ ਆਨੰਦ ਮਾਣਦਿਆਂ ਸਤਪਾਲ ਕੀ ਸੋਚ ਰਿਹਾ ਸੀ ਉਹਦੇ ਬਾਰੇ ਬਿੰਬ ਹੈ, "ਇਥੇ ਖਾਣ ਦੀਆਂ ਚੀਜ਼ਾਂ ਇਸ ਤਰ੍ਹਾਂ ਆ ਟਿਕਦੀਆਂ ਨੇ ਜਿਵੇਂ ਫਰਿਸ਼ਤੇ ਪਹੁੰਚਾ ਰਹੇ ਹੋਣ। ਕੁੱਝ ਖਾ ਪੀ ਅਤੇ ਆਪਣੇ ਆਨੰਦ ਦੇ ਤਲਾਅ ਵਿਚ ਹੋਰ ਤਾਰੀਆਂ ਲਾ ਕੇ ਉਹ ਬਾਹਰ ਨਿਕਲਿਆ।" (ਪੰਨਾ 241.)

ਅੱਗੇ ਦੁਕਾਨ ਤੇ ਉਹ ਜਦੋਂ ਮਾਂ ਦੀ ਸਹੇਲੀ ਦੀ ਕੁੜੀ ਨਾਲੋਂ ਵੀ ਹੋਰ ਸੋਹਣੀ ਕੁੜੀ ਦੇਖ ਲੈਂਦਾ ਹੈ ਤਾਂ

ਸਤਪਾਲ ਦਾ ਪਹਿਲਾਂ ਦੇਖੀ ਕੁੜੀ ਵਾਲਾ ਸਾਰਾ ਨਸ਼ਾ ਇਸ ਤਰ੍ਹਾਂ ਉਤਰ ਗਿਆ ਬਿੰਬ ਹੈ, "ਜਿਵੇਂ ਪਟਰੌਲ ਨਾਲ ਥਿੰਦਿਆਈ ਦਾ ਦਾਗ ਉਤਰ ਜਾਂਦਾ ਹੈ।" (ਪੰਨਾ 242.)

'ਸ਼ਿੰਗਾਰ' ਕਹਾਣੀ ਦਾ ਕੈਪਟਨ ਧਰਮ ਸਿੰਘ ਆਪਣੀ ਕੁੜੀ ਲਈ ਗਰਮ ਕੋਟ ਦਾ ਕੱਪੜਾ ਖਰੀਦ ਰਿਹਾ ਹੈ। ਕੁੜੀ ਨੇ ਜੋ ਕੱਪੜਾ ਪਸੰਦ ਕੀਤਾ ਉਹ ਹੋਰ ਕਿਸੇ ਨੂੰ ਪਸੰਦ ਨਹੀਂ ਸੀ। ਜਦੋਂ ਸਾਰੇ ਦੂਸਰਾ ਕੱਪੜਾ ਖਰੀਦਣ ਤੇ ਜ਼ੋਰ ਪਾਉਣ ਲੱਗੇ ਤਾਂ ਕੁੜੀ ਰੁਸ ਕੇ ਉਠ ਅੰਦਰ ਚਲੀ ਗਈ। ਬਿੰਬ ਹੈ, "ਕੁੜੀ ਬਿਨਾਂ ਕੱਪੜਾ ਵੇਖਣਾ ਲਾੜੀ ਬਿਨਾਂ ਵਿਆਹ ਰਚਾਣਾ ਸੀ।" (ਪੰਨਾ 244.)

ਜਦੋਂ ਕਪਤਾਨ ਕੁੜੀਆਂ ਦੇ ਸ਼ਿੰਗਾਰ ਬਾਰੇ ਇਕ ਪੁਰਾਣੀ ਗੱਲ ਸੁਣਾਉਣੀ ਸ਼ੁਰੂ ਕਰਦੇ ਹਨ ਤਾਂ ਉਨਾਂ ਬਾਰੇ ਬਿੰਬ ਹੈ, "ਉਨ੍ਹਾਂ ਅੱਖਾਂ ਮੀਟ ਕੇ ਸਿਰ ਹਿਲਾਂਦਿਆਂ ਹੋਇਆਂ ਕਿਹਾ ਜਿਵੇਂ ਉਸ ਪੁਰਾਣੀ ਗੱਲ ਨੂੰ ਵਾਜ ਮਾਰ ਰਹੇ ਹੋਣ।" (ਪੰਨਾ 246.)

ਕੈਪਟਨ ਸਾਹਿਬ ਆਪਣੇ ਪੁਰਾਣੇ ਪਿਆਰ ਬਾਰੇ ਮੈਂ ਪਾਤਰ ਨੂੰ ਦੱਸਦਾ ਹੈ ਕਿ ਇਕ ਵਾਰ ਮੈਨੂੰ ਆਪਣੀ ਪ੍ਰੇਮਿਕਾ ਨਾਲ ਕੁੱਝ ਸਮਾਂ ਇਕਠਿਆਂ ਬਿਤਾਉਣ ਦਾ ਮਿਲਿਆ ਸੀ। ਅਸੀਂ ਕਿਤੇ ਬੈਠਣ ਦੀ ਥਾਂ ਇਹ ਸਮਾਂ ਘੁੰਮ ਫਿਰ ਕੇ ਬਿਤਾਉਣਾ ਚਾਹਿਆ। ਬਿੰਬ ਹੈ, "ਜਿਵੇਂ ਸਾਡੇ ਮੀਲ ਅੱਧਾ ਮੀਲ਼ ਇਕਠਿਆਂ ਤੁਰਨ ਨਾਲ ਧਰਤੀ ਤੇ ਕੋਈ ਲੀਕ ਪੈ ਜਾਣੀ ਹੋਵੇ,ਜਿਸਨੂੰ ਵੇਖ ਕੇ ਬੰਦਾ ਪਿਛੋਂ ਵੀ ਜੀਉਂਦਾ ਰਹਿ ਸਕੇ।" (ਪੰਨਾ 246.)

'ਮੇਮ ਦੀ ਕਹਾਣੀ' ਦਾ ਪਾਤਰ ਜੱਫੂ ਰਾਮ ਕੋਹੜ ਦਾ ਮਰੀਜ਼ ਹੈ। ਉਹ ਕੋਹੜ ਖਾਨੇ ਵਿਚ ਰਹਿੰਦਾ ਸੀ। ਕਈ ਵਾਰ ਉਹ ਬਾਹਰ ਘੁੰਮਣ ਚਲਾ ਜਾਂਦਾ ਸੀ। ਫਿਰ ਆ ਕੇ ਕਹਿੰਦਾ ਸੀ ਕਿ ਮੇਰੇ ਸਰੀਰ ਵਿਚ ਪੀੜ ਹੁੰਦੀ ਹੈ। ਉਸਦੀ ਪੀੜ ਬਾਰੇ ਬਿੰਬ ਹੈ, "ਪੀੜ ਇਸ ਤਰ੍ਹਾਂ ਟੁਰਦੀ ਏ ਜਿਵੇਂ ਸੂਰ ਕਿਸੇ ਪੈਲੀ ਵਿਚੋਂ ਆਪਣੇ ਲਈ ਰਾਹ ਬਣਾਂਦਾ ਟੁਰਦਾ ਏ।" (ਪੰਨਾ 250.)

ਕੋਹੜ ਖਾਨੇ ਦੀ ਮਾਲਕ ਮੇਮ ਦੱਸਦੀ ਹੈ ਕਿ ਜਦੋਂ ਅਸੀਂ ਉਸਨੂੰ ਬਾਹਰ ਜਾਣ ਤੋਂ ਰੋਕਦੇ ਹਾਂ ਤਾਂ ਉਸਦੀ ਹਾਲਤ ਦੇ ਬਿਆਨ ਲਈ ਬਿੰਬ ਹੈ, "ਇਸ ਤਰ੍ਹਾਂ ਵੇਖਦਾ ਹੈ ਜਿਵੇਂ ਅਸੀਂ ਤਲਵਾਰਾਂ ਲੈ ਕੇ ਉਸਨੂੰ ਮਾਰਨ ਆਏ ਹੁੰਨੇ ਆਂ।" (ਪੰਨਾ 250.)

'ਪ੍ਰੋਫ਼ੈਸਰ ਸਾਹਿਬ' ਕਹਾਣੀ ਦੇ ਪਾਤਰ ਪ੍ਰੋਫ਼ੈਸਰ ਸਾਹਿਬ ਦਾ ਆਪਣੀ ਪਤਨੀ ਨਾਲ ਅਚਾਨਕ ਕਿਸੇ ਨਿੱਕੀ ਜਿਹੀ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ। ਝਗੜੇ ਤੋਂ ਮਿੰਟ ਪਹਿਲਾਂ ਉਨ੍ਹਾਂ ਨੂੰ ਇਲਮ ਤਕ ਨਹੀਂ ਹੁੰਦਾ ਸੀ ਕਿ ਅਸੀਂ ਲੜ ਪਵਾਂਗੇ। ਝਗੜਾ ਅਚਾਨਕ ਕਿਸ ਤਰ੍ਹਾਂ ਹੁੰਦਾ ਸੀ, ਬਿੰਬ ਹੈ, "ਜਿਵੇਂ ਸਾਉਣ ਵਿਚ ਵੇਹਦਿਆਂ ਲਿਸ਼ਕਦੀ ਧੁਪ ਦੀ ਥਾਂ ਇਕ ਦੋ ਮਿੰਟਾਂ ਵਿਚ ਬੱਦਲਾਂ ਦੀ ਗੂੜੀ ਛਾਂ ਹੋ ਜਾਂਦੀ ਹੈ"। ਪੰਨਾ 252

ਜੇਕਰ ਪ੍ਰੋਫੈਸਰ ਕਦੇ ਆਪਣੀ ਪਤਨੀ ਨੂੰ ਆਪਣੇ ਨਾਲ ਕਿਸੇ ਦੇ ਘਰ ਚੱਲਣ ਲਈ ਕਹਿੰਦਾ ਤਾਂ ਉਹ ਮਨਾਂ ਕਰ ਦਿੰਦੀ। ਪਰ ਜੇਕਰ ਉਹ ਇਕੱਲਿਆਂ ਜਾਣ ਦੀ ਗੱਲ ਕਰਦਾ ਤਾਂ ਉਹ ਕਹਿੰਦੀ ਜਾਣ ਤੋਂ ਪਹਿਲਾਂ ਮੈਨੂੰ ਮੇਰੇ ਪੇਕਿਆਂ ਦੀ ਗੱਡੀ ਚਾੜ੍ਹ ਦਿਉ। ਇਹ ਉਸਦਾ ਆਖਰੀ ਹਥਿਆਰ ਹੁੰਦਾ ਸੀ। ਇਹ ਕਹਿੰਦਿਆਂ ਉਸਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ। ਬਿੰਬ ਹੈ, "ਹਾਇਡਰੋਜ਼ਨ ਬੰਬ ਵਾਂਗ ਇਹ ਵੀ ਇਕੋ ਅਖੀਰਲੀ ਵਾਰ ਵਰਤਿਆ ਜਾ ਸਕਦਾ ਸੀ।" (ਪੰਨਾ 254.)

ਘਰ ਆਏ ਦਿਹਾੜੀਦਾਰਾਂ ਨੂੰ ਪ੍ਰੋਫ਼ੈਸਰ ਪੂਰੇ ਪੈਸੇ ਦੇਣਾ ਚਹੁੰਦਾ ਸੀ। ਪਰ ਪਤਨੀ ਇਸ ਲਈ ਘੱਟ ਪੈਸੇ ਦੇਣਾ ਚਹੁੰਦੀ ਸੀ ਕਿ ਦਿਹਾੜੀਦਾਰ ਨੇ ਦਿਹਾੜੀ ਤੋਂ ਘੱਟ ਕੰਮ ਕੀਤਾ ਸੀ। ਇਸ ਗੱਲ ਨੂੰ ਲੈ ਕੇ ਪਤੀ ਪਤਨੀ ਵਿਚ ਖਿੱਚੋਤਾਣ ਸ਼ੁਰੂ ਹੋ ਗਈ ਸੀ। ਅਖੀਰ ਪਤਨੀ ਚਾਂਦੀ ਦੇ ਰੁਪਈਏ ਪ੍ਰੋਫ਼ੈਸਰ ਅੱਗੇ ਸੁੱਟ ਦਿੰਦੀ ਹੈ। ਪ੍ਰੋਫ਼ੈਸਰ ਨੇ ਉਹ ਰੁਪਈਏ ਕਿਸ ਤਰ੍ਹਾਂ ਖੁਸ਼ੀ ਨਾਲ ਚੁੱਕੇ ,ਬਿੰਬ ਹੈ, "ਜਿਵੇਂ ਮਦਾਰੀ ਹੱਥ ਨਾਲ ਬਣਾਏ ਹੋਏ ਚੁੱਕਦਾ ਹੈ।"(ਪੰਨਾ 257.)

ਪਤਨੀ ਕਈ ਵਾਰ ਛੱਡ ਕੇ ਕੋਈ ਹੋਰ ਕੰਮ ਕਰਨ ਬਾਰੇ ਸੋਚਦੀ। ਕਿਸੇ ਵੀ ਨਿਰਣੇ ਤੇ ਨਾ ਪਹੁੰਚ ਕੇ ਉਸਨੂੰ ਫਿਰ ਇਹ ਹੀ ਘਰ ਚੰਗਾ ਲੱਗਣ ਲੱਗ ਜਾਂਦਾ। ਪਰ ਇਹ ਹਮੇਸ਼ਾ ਚੰਗਾ ਲੱਗਦਾ ਰਹੇਗਾ ਇਹ ਅਸੰਭਵ ਹੁੰਦਾ ਸੀ,ਕਿਉਂਕਿ ਪ੍ਰੋਫ਼ੈਸਰ ਸਾਹਿਬ ਦੇ ਮਨ ਨੇ ਕਿਸ ਵੇਲੇ ਕਿਸ ਲੀਹ ਤੇ ਦੌੜ ਪੈਣਾ ਹੈ ਇਹ ਬੁਝਣਾ ਔਖਾ ਸੀ। ਇਸ ਬਾਰੇ ਬਿੰਬ ਹੈ, " ਜਿਸ ਤਰ੍ਹਾਂ ਮੂਹਰੇ ਖਲੋਤੇ ਕਿਸੇ ਆਮ ਆਦਮੀ ਲਈ ਇਹ ਬੁਝਣਾ ਔਖਾ ਹੈ ਕਿ ਸਟਾਰਟ ਹੋ ਰਹੀ ਗੱਡੀ ਦੇ ਡੱਬੇ ਕਿਹੜੀ ਲਾਈਨ ਤੇ ਠਿੱਲ੍ਹ ਪੈਣਗੇ।" (ਪੰਨਾ 257.)

'ਦੁੱਧ ਵਿਚ ਕਾਂਜੀ' ਮੈਂ ਪਾਤਰ ਬਹੁਤ ਸੋਹਣੀਆਂ ਔਰਤਾਂ ਨੂੰ ਦੇਖ ਕੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਨੇ ਦੋ ਬਹੁਤ ਸੋਹਣੀਆਂ ਔਰਤਾਂ ਦੇਖੀਆਂ ਸਨ। ਇਕ ਮੋਗੇ ਦੀ ਸੀ ਦੂਜੀ ਕੋਟਕਪੂਰੇ ਦੇਖੀ ਸੀ। ਉਸ

ਨੂੰ ਦੇਖ ਕੇ ਮੈਂ ਪਾਤਰ ਤੇ ਕੀ ਪ੍ਰਭਾਵ ਪਿਆ ਇਸ ਬਾਰੇ ਬਿੰਬ ਹੈ, "ਜਿਵੇਂ ਉਹਨਾਂ ਦੀਆਂ ਵੱਡੀਆਂ-ਵੱਡੀਆਂ ਰਿਆਸਤਾਂ ਹਨ ਤੇ ਉਹਨਾਂ ਰਿਆਸਤਾਂ ਵਿਚ ਉਹਨਾਂ ਵਰਗਾ ਸੋਹਣਾ ਕੋਈ ਹੋਰ ਨਹੀਂ।" (ਪੰਨਾ 260.)

ਇਕ ਵਾਰ ਮੈਂ ਪਾਤਰ ਨੂੰ ਬੰਗਲੌਰ ਦੀ ਸੋਹਣੀ ਕੁੜੀ ਮੋਬਿਲ ਨਾਲ ਬੱਸ ਵਿਚ ਇਕੱਠਿਆਂ ਸਫਰ ਕਰਨ ਦਾ ਮੌਕਾ ਮਿਲਿਆ ਸੀ। ਉਹ ਬੱਸ ਵਿਚ ਸਵਾਰੀਆਂ ਅੱਗੇ ਸੋਹਣੀ ਕੁੜੀ ਦੇ ਸਾਥ ਕਰਕੇ ਬਹੁਤ ਮਾਣ ਮਹਿਸੂਸ ਕਰ ਰਿਹਾ ਸੀ। ਜਦੋਂ ਕੰਡਕਟਰ ਉਸਨੂੰ ਦੂਜੀ ਟਿਕਟ ਦੇਣ ਲੱਗਿਆਂ ਦੂਜੀ ਸਵਾਰੀ ਕਿਹੜੀ ਹੈ ਬਾਰੇ ਪੁੱਛਦਾ ਹੈ,ਮੈਂ ਪਾਤਰ ਹੈਰਾਨ ਹੁੰਦਾ ਹੈ ਕਿ ਕੰਡਕਟਰ ਨੂੰ ਤਾਂ ਬੱਸ ਵਿਚ ਚੜ੍ਹਨ ਲੱਗਿਆਂ ਪੁੱਛਿਆ ਸੀ। ਇਸਨੂੰ ਕਿਉਂ ਨਹੀਂ ਪਤਾ। ਇਹ ਤਾਂ ਹਰ ਸਵਾਰੀ ਤੋਂ ਲੈ ਕੇ ਹਰ ਚੀਜ਼ ਤਕ ਨੂੰ ਪਤਾ ਹੋਵੇਗਾ ਕਿ ਏਨੀ ਸੋਹਣੀ ਕੁੜੀ ਕਿਸ ਨਾਲ ਹੈ ਇਹ ਸੁਣ ਕੇ ਮੈਂ ਪਾਤਰ ਕਿਸ ਤਰ੍ਹਾਂ ਮਹਿਸੂਸ ਕਰਦਾ ਹੈ ਉਸ ਬਾਰੇ ਬਿੰਬ ਹੈ, "ਜਿਵੇਂ ਕਿਸੇ ਵਜੀਰ ਨੂੰ ਕਿਧਰੇ ਇਹ ਕਹਿਣਾ ਪਵੇ ਕਿ ਮੈਂ ਵਜੀਰ ਹੁਨਾਂ ਵਾਂ ਮੇਰੇ ਲਈ ਕੁਰਸੀ ਡਾਹੋ।" (ਪੰਨਾ 263.)

ਅੱਗੇ ਜਾ ਕੇ ਉਹ ਕਹਿੰਦਾ ਹੈ ਕਿ ਸਾਰੀਆਂ ਸਵਾਰੀਆਂ ਮੇਰੇ ਵੱਲ ਦੇਖ ਰਹੀਆਂ ਸਨ ਜਿਵੇਂ ਬਿੰਬ ਹੈ, "ਜਿਵੇਂ ਕਿਸੇ ਬਾਦਸ਼ਾਹ ਨੂੰ ਗੱਦੀਓਂ ਲਾਹਿਆ ਜਾ ਰਿਹਾ ਹੋਵੇ।" (ਪੰਨਾ 263.)

'ਊਠ" ਕਹਾਣੀ ਇਕ ਬਿਮਾਰ ਬੰਦੇ ਦੀ ਡਾਇਰੀ ਹੈ। ਕੋਈ ਵੀ ਉਸ ਕੋਲ ਅੰਦਰ ਨਹੀਂ ਆਉਂਦਾ। ਬਿਮਾਰ ਹੋਣ ਕਰਕੇ ਉਹ ਆਪ ਬਾਹਰ ਨਹੀਂ ਜਾ ਸਕਦਾ। ਲੰਬੇ ਪਿਆ ਉਸਨੂੰ ਕੀ ਲੱਗਦਾ ਹੈ ਉਸ ਬਾਰੇ ਬਿੰਬ ਹੈ, "ਜਿਵੇਂ ਬਾਹਰ ਭੂਤਨਿਆਂ ਦਾ ਕਬਜ਼ਾ ਹੈ ਉਹਨਾ ਇਕ ਵੱਡਾ ਸਾਰਾ ਭੂਤਨਾ ਘਰ ਦੇ ਬੂਹੇ ਅਗੇ ਖਲ੍ਹਾਰਿਆ ਹੋਇਆ ਹੈ ਪਈ ਕਿਸੇ ਨੂੰ ਅੰਦਰ ਨਾ ਆਉਣ ਦੇਵੇ।" (ਪੰਨਾ 265.)

'ਪਟਿਆਲੇ ਦੀ ਸਵਾਰੀ' ਕਹਾਣੀ ਵਿਚ ਮੈਂ ਪਾਤਰ ਅੰਬਾਲੇ ਤੋਂ ਪਟਿਆਲੇ ਜਾਣ ਵਾਲੀ ਬੱਸ ਵਿਚ ਬੈਠਾ ਸੀ। ਇਕ ਨਵ ਵਿਆਹਿਆ ਜੋੜਾ ਬੱਸ ਵਿਚ ਚੜ੍ਹਿਆ। ਨਵ ਵਿਆਹੀ ਕੁੜੀ ਨੂੰ ਦੇਖ ਕੇ ਮੈਂ ਪਾਤਰ ਨੂੰ ਕਿੰਨੀ ਖ਼ੁਸ਼ੀ ਹੋਈ ਇਸ ਬਾਰੇ ਬਿੰਬ ਹੈ, "ਮੈਨੂੰ ਇਸ ਤਰ੍ਹਾਂ ਖ਼ੁਸ਼ੀ ਹੋਈ,ਜਿਸ ਤਰ੍ਹਾਂ ਖਿੜੇ ਫੁਲ ਨੂੰ ਵੇਖ ਕੇ ਖ਼ੁਸ਼ੀ ਹੁੰਦੀ ਹੈ।" (ਪੰਨਾ 269.)

ਅੱਗੇ ਜਾ ਕੇ ਕਿਸੇ ਸਵਾਰੀ ਨੇ ਬੱਸ ਰੋਕਣ ਲਈ ਹੱਥ ਦਿੱਤਾ। ਸਵਾਰੀ ਅੰਬਾਲੇ ਜਾਣ ਬਾਰੇ ਪੁੱਛਦੀ ਹੈ। ਕੰਡਕਟਰ ਸਵਾਰੀ ਨੂੰ ਕਹਿੰਦਾ ਹੈ ਕਿ ਅੰਬਾਲੇ ਤੋਂ ਤਾਂ ਬੱਸ ਆਈ ਹੈ। ਨਵ ਵਿਅਹਿਆ ਮੁੰਡਾ ਮਜ਼ਾਕ ਵਿਚ ਬੋਲਦਾ ਹੈ 'ਇੱਥੇ ਹੀ ਖੜ੍ਹਾ ਰਹਿ ਤੈਨੂੰ ਕੱਲ੍ਹ ਨੂੰ ਮੁੜਦੇ ਹੋਏ ਲੈ ਚੱਲਾਂਗੇ'। ਕੁੜੀ ਮੁੰਡੇ ਨੂੰ ਪੱਛਦੀ ਹੈ, 'ਕੱਲ੍ਹ ਫਿਰ ਮੁੜ ਕੇ ਇਧਰ ਆਵਾਂਗੇ ਵੇਖਾਂਗੇ ਭਲਾ ਇਹ ਇਥੇ ਖੜ੍ਹਾ ਹੁੰਦਾ ਹੈ ਕਿ ਨਹੀਂ'। ਇਹ ਗੱਲ ਉਹ ਮਖੌਲ ਵਿਚ ਨਹੀਂ ਆਖ ਰਹੀ ਸੀ। ਕੁੜੀ ਬਾਰੇ ਬਿੰਬ ਹੈ, "ਕਈ ਨਵੀਆਂ ਵਿਆਹੀਆਂ ਕੁੜੀਆਂ ਦੇ ਖਿਆਲ ਵਿਚ ਜੀਵਨ ਇਸ ਤਰ੍ਹਾਂ ਮੌਜ ਮੇਲਾ ਜਿਹਾ ਹੀ ਹੈ,ਜਿਸ ਵੇਲੇ ਜਿਧਰ ਜੀ ਕੀਤਾ ਉਠ ਤੁਰੋ।" (ਪੰਨਾ 271.)

ਕਹਾਣੀ 'ਬਾਬੂ ਰਾਮ ਸਰੂਪ' ਦਾ ਪਾਤਰ ਬਾਬੂ ਰਾਮ ਸਰੂਪ ਪਰੂਫ ਰੀਡਰ ਸੀ। ਸਾਰਾ ਦਿਨ ਉਸਦੀਆਂ ਅੱਖਾਂ ਗਲਤੀਆਂ ਦੀ ਭਾਲ ਵਿਚ ਲਿਖਤ ਦੀਆਂ ਲਾਈਨਾਂ ਉਤੇ ਕਿਵੇਂ ਰਹਿੰਦੀਆਂ ਹਨ ਬਾਰੇ ਬਿੰਬ ਹੈ, "ਇਸ ਤਰ੍ਹਾਂ ਤੁਰਦੀਆਂ ਜਿਵੇਂ ਖੋਜੀ ਖੁਰੇ ਪਿਛੇ ਜਾ ਸ਼ਿਕਾਰੀ ਦੀ ਸੂਹ ਵਿਚ। ਜਦੋਂ ਉਹ ਕੋਈ ਲੁਕੀ ਹੋਈ ਗਲਤੀ ਲੱਭਦਾ ਤਾਂ ਬੜਾ ਖ਼ੁਸ਼ ਹੁੰਦਾ ਜਿਵੇਂ ਕਿਸੇ ਨੂੰ ਲੁਕਿਆ ਹੋਇਆ ਚੋਰ ਲਭ ਪੈਂਦਾ ਹੈ।" (ਪੰਨਾ 273.)

ਮਸ਼ੀਨਾਂ ਗਲਤੀਆਂ ਨੂੰ ਦੁਵਾਰਾ ਦੂਹਰਾ ਦਿੰਦੀਆਂ ਉਹਨਾਂ ਵਿਚੋਂ ਨਿਕਲੇ ਕਾਗਜਾਂ ਵਿਚੋਂ ਇਹ ਗਲਤੀਆਂ ਹਟਵਾਣੀਆਂ ਬਿਲਕੁਲ ਅਸੰਭਵ ਹੁੰਦੀਆਂ, ਬਿੰਬ ਹੈ, "ਜਿਵੇਂ ਭੂਚਾਲ ਨਾਲ ਢਠੇ ਸ਼ਹਿਰ ਨੂੰ ਫਿਰ ਖੜ੍ਹਾ ਕਰ ਦੇਣਾ ਅਸੰਭਵ ਹੁੰਦਾ ਹੈ।" (ਪੰਨਾ 273.)

ਇਹਨਾਂ ਗਲਤੀਆਂ ਨੂੰ ਦਰੁਸਤ ਕਰਨ ਲਈ ਕਈ ਵਾਰ ਉਹ ਸ਼ਬਦ ਕੋਸ਼ ਵਿਚ ਨਜ਼ਰ ਮਾਰਦਾ ਕਿ ਜਿਹੜਾ ਸ਼ਬਦ ਬਣ ਗਿਆ ਹੈ ਇਸ ਦਾ ਵੀ ਕੋਈ ਅਰਥ ਨਿਕਲਦਾ ਹੈ ਤਾਂ ਕਿ ਸ਼ਾਇਦ ਵਾਕ ਵਿਚ ਇਹ ਸ਼ਬਦ ਹੀ ਫਿੱਟ ਹੋ ਜਾਵੇ। ਪਰ ਉਹ ਸ਼ਬਦ ਤਾਂ ਅਸਲੋਂ ਹੀ ਊਟ ਪਟਾਂਗ ਹੁੰਦਾ। ਇਹਦੇ ਬਾਰੇ ਬਿੰਬ ਹੈ, "ਜਿੰਨਾਂ ਦੋ ਸਿਰਾਂ ਵਾਲੇ ਜਾਂ ਬਿਨਾਂ ਲੱਤਾਂ ਤੋਂ ਜੰਮੇ ਬੱਚੇ ਅਸਲੀ ਬੱਚਿਆਂ ਨਾਲ ਮਿਲਦੇ ਹਨ।" (ਪੰਨਾ 273.)

ਕਈ ਵਾਰ ਜਦੋਂ ਉਹ ਕੰਮ ਮੁਕਾ ਕੇ ਘਰ ਅਪੜਦਾ ਤਾਂ ਵੀ ਕਿਸੇ ਗਲਤੀ ਦੀ ਮੁਠ ਵਿਚ ਹੁੰਦਾ ਉਸਦੀ ਹਾਲਤ ਬਾਰੇ ਬਿੰਬ ਹੈ, "ਜਿਵੇਂ ਕੋਈ ਬੰਦਾ ਖ਼ੂਨ ਕਰ ਕੇ ਆਇਆ ਹੁੰਦਾ ਹੈ।" (ਪੰਨਾ 247.)

'ਬਗਾਨੀ ਚੀਜ਼' ਕਹਾਣੀ ਦੀ ਪਾਤਰ ਮਨੋਰਮਾ ਦੀ ਸਹੇਲੀ ਆਪਣੇ ਇੰਜਨੀਅਰ ਪਤੀ ਨਾਲ ਮਿਲਣ ਆਈ ਸੀ। ਮਨੋਰਮਾ ਦੇ ਘਰ ਵਿਚ ਬਹੁਤ ਗਰੀਬੀ ਸੀ। ਉਨ੍ਹਾਂ ਦੇ ਘਰ ਬੈਠੇ ਸਹੇਲੀ ਤੇ ਉਸਦਾ ਪਤੀ ਕਿਸ ਤਰ੍ਹਾਂ ਲੱਗਦੇ ਸਨ। ਬਿੰਬ ਹੈ, "ਜਿਵੇਂ ਅੰਗਰੇਜ਼ਾਂ ਦਾ ਕੋਈ ਜੋੜਾ ਸ਼ਹਿਰ ਵਾਪਸ ਮੁੜਦਾ ਹੋਇਆ ਸੜਕ ਤੇ ਕਿਸੇ ਜੱਟ ਦੀ ਹਵੇਲੀ ਵਿਚ ਝਟ ਦਾ ਝਟ ਬੈਠ ਜਾਵੇ।" (ਪੰਨਾ 278.)

ਮਨੋਰਮਾ ਕੋਲ ਇਕ ਹੀ ਵਧੀਆ ਸਾੜੀ ਸੀ ਉਹ ਜਦੋਂ ਵੀ ਕਿਧਰੇ ਤਿਆਰ ਹੋ ਕੇ ਜਾਂਦੀ ਤਾਂ ਉਸਨੇ ਉਹ ਹੀ ਸਾੜੀ ਪਾਈ ਹੁੰਦੀ ਸੀ। ਬਿੰਬ ਹੈ, "ਜਿਸ ਤਰ੍ਹਾਂ ਟਾਹਲੀਆਂ ਹਰ ਸਾਲ ਪੱਤਰ ਝਾੜਨ ਪਿਛੋਂ ਉਹੋ ਜਿਹੇ ਪੱਤਰ ਜੀ ਕੱਢਦੀਆਂ ਨੇ।" (ਪੰਨਾ 279.)

ਫਿਰ ਉਨ੍ਹਾਂ ਦੇ ਘਰ ਦੀ ਹਾਲਤ ਵਿਚ ਇਕ ਦਮ ਤਬਦੀਲੀ ਆ ਜਾਂਦੀ ਹੈ। ਇਹ ਤਬਦੀਲੀ ਕਿਸ ਤਰ੍ਹਾਂ ਅਈ ਇਹ ਮਨੋਰਮਾ ਦੇ ਪਰਿਵਾਰ ਲਈ ਵੀ ਇਕ ਸਵਾਦਲੀ ਕਹਾਣੀ ਸੀ। ਇਹਦੇ ਬਾਰੇ ਬਿੰਬ ਹੈ, "ਬਾਦਸ਼ਾਹ ਹਾਰੂੰ ਰਸੀਦ ਦੀ ਫੇਰੀ ਵਰਗੀ,ਕਿਸੇ ਕੀਮੀਆਗਰ ਸਾਧੂ ਨਾਲ ਮਿਲਣੀ ਵਰਗੀ।" (ਪੰਨਾ 279.)

ਉਨ੍ਹਾਂ ਨੇ ਯੂ.ਪੀ. ਵਿਚ ਸਸਤੀ ਜ਼ਮੀਨ ਖਰੀਦ ਲਈ ਸੀ ਜਿਸਦਾ ਉਨ੍ਹਾਂ ਨੂੰ ਆਪਣੀ ਪਹਿਲੀ ਆਮਦਨ ਦੇ ਨੇੜੇ ਤੇੜੇ ਹੋਰ ਠੇਕਾ ਆਉਣ ਲੱਗ ਪਿਆ ਸੀ। ਉਨ੍ਹਾਂ ਦੀਆਂ ਮੁਸੀਬਤਾਂ ਕਿਵੇਂ ਖਤਮ ਹੋ ਗਈਆਂ ਉਹਦੇ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਜਾਦੂ ਦੇ ਡੰਡੇ ਨਾਲ ਹਟਾ ਦਿੱਤੀਆਂ ਗਈਆਂ ਸਨ। ਕਿਸੇ ਵੱਡੀ ਜੇਲ ਦੀਆਂ ਕੰਧਾਂ ਵਰਗਾ ਵਲਗਣ ਇਕ ਦਮ ਢੱਠ ਗਿਆ ਸੀ। ਜਿਸ ਤਰ੍ਹਾਂ ਇਤਿਹਾਸ ਵਿਚ ਕਿਸੇ ਵੱਡੇ ਪਰਤਾਪੀ ਰਾਜੇ ਸਾਹਮਣੇ ਨਿੱਕੇ ਨਿੱਕੇ ਰਾਜੇ ਢਹਿ ਢੇਰੀ ਹੁੰਦੇ ਹਨ।" (ਪੰਨਾ 280.)

ਯੂ. ਪੀ. ਮਜਦੂਰੀ ਸਸਤੀ ਸੀ। ਇਕ ਠੇਕੇਦਾਰ ਹੀ ਖੇਤੀ ਕਰਵਾਈ ਜਾਂਦਾ ਸੀ। ਕਾਮੇ ਜਿੰਨੇ ਮਰਜ਼ੀ ਜਦੋਂ ਜ਼ਰੂਰਤ ਹੋਵੇ ਲਏ ਜਾ ਸਕਦੇ ਸਨ। ਮਜਦੂਰਾਂ ਦੇ ਕੰਮ ਬਾਰੇ ਬਿੰਬ ਹੈ, "ਜਿਸ ਤ੍ਰਾਂ ਵੱਡੇ ਕਾਰਖਾਨਿਆਂ ਵਿਚ ਇਕ ਬਟਨ ਦਬਣ ਨਾਲ ਆਪੇ ਮਸ਼ੀਨਾਂ ਕੱਤ ਦੀਆਂ ਆਪੇ ਉਣ ਦੀਆਂ ਤੇ ਡੀਜਾਈਨ ਬਣਾਦੀਆਂ ਤੇ ਆਪੇ ਉਸਨੂੰ ਕੱਟ ਕੇ ਥਾਨਾਂ ਵਿਚ ਲਪੇਟਦੀਆਂ ਹਨ।" (ਪੰਨਾ 281.)

ਇਸ ਤਰ੍ਹਾਂ ਠੇਕੇਦਾਰ ਦੇ ਕਹਿਣ ਤੇ ਦਰਜ਼ਨਾਂ ਬੰਦੇ ਆ ਜਾਂਦੇ ਸਨ। ਜਦੋਂ ਹੀ ਫਸਲ ਵਧ ਜਾਂਦੀ ਦਿਹਾੜੀਦਾਰ ਫਿਰ ਆ ਹਾਜ਼ਰ ਹੁੰਦੇ। ਉਨ੍ਹਾਂ ਬਾਰੇ ਬਿੰਬ ਹੈ, "ਕਿਸੇ ਵਸ ਕੀਤੇ ਦੇਓ ਵਾਂਗ ਫਿਰ ਆ ਹਾਜ਼ਰ ਹੁੰਦੇ ਤੇ ਮੂੰਜੀ ਵੱਢ ਕੇ ਗਾਹ ਦੇਂਦੇ ਨੇ।" (ਪੰਨਾ 281.)

'ਪੰਜਾਹ ਰੁਪਏ' ਕਹਾਣੀ ਦੀ ਪਾਤਰ ਪ੍ਰੀਤੋ ਜਦੋਂ ਪੇਕੇ ਆਈ ਹੁੰਦੀ ਸੀ ਤਾਂ ਉਸਦੀ ਮਾਂ ਆਪਣੇ ਆਪ ਨੂੰ ਪੂਰੀ ਸਾਬਤ ਸਬੂਤ ਮਹਿਸੂਸ ਕਰਦੀ ਸੀ। ਉਹਦੇ ਬਾਰੇ ਬਿੰਬ ਹੈ, "ਜਿਸ ਤਰ੍ਹਾਂ ਘੜੇ ਨਾਲੋਂ ਲੱਥੀ ਬੱਬਰੀ ਨੂੰ ਮੁੜ ਕੇ ਨਾਲ ਰੱਖਣ ਨਾਲ ਘੜਾ ਫਿਰ ਪੂਰਾ ਸਬੂਤਾ ਲੱਗ ਜਾਂਦਾ ਏ।" (ਪੰਨਾ 285.)

ਪਿਛਲੀ ਵਾਰ ਪ੍ਰੀਤੋ ਕਿਸੇ ਦੇ ਸਾਥ ਨਾਲ ਪੇਕੇ ਆ ਗਈ ਸੀ। ਜਦੋਂ ਉਸਦਾ ਪਿਤਾ ਬੱਖਾ ਸਿੰਘ ਨੇ ਉਸਨੂੰ ਚੌਂਕੇ ਵਿਚ ਆਈ ਬੈਠੀ ਨੂੰ ਦੇਖਿਆ ਤਾਂ ਉਸਨੇ ਉਸਦੇ ਸਿਰ ਤੇ ਹੱਥ ਰੱਖਿਆ, ਬਿੰਬ ਹੈ, "ਉਸ ਸਮੇਂ ਬੱਖਾ ਸਿੰਘ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਸ ਨੇ ਆਪਣੇ ਹੱਥ ਨਾਲ ਸਾਰੀ ਦੁਨੀਆ ਕਿਸੇ ਨੂੰ ਬਖਸ਼ ਦਿੱਤੀ ਹੋਵੇ।" (ਪੰਨਾ 288.)

'ਐਤਵਾਰ ਸਵੇਰੇ' ਕਹਾਣੀ ਦਾ ਪਾਤਰ ਸੂਦ ਸਾਹਿਬ ਛੁੱਟੀ ਵਾਲਾ ਦਿਨ ਹੋਣ ਕਰਕੇ ਆਪਣੀ ਪਤਨੀ ਨਾਲ ਬੈਠਾ ਧੁੱਪ ਸੇਕ ਰਿਹਾ ਸੀ। ਉਨ੍ਹਾਂ ਦੇ ਕੋਲ ਉਨ੍ਹਾਂ ਦੇ ਬੱਚੇ ਖੇਡ ਰਹੇ ਸਨ। ਆਪਣੇ ਚਾਰੋ ਬੱਚਿਆਂ ਨੂੰ ਦੇਖ ਉਨ੍ਹਾਂ ਨੂੰ ਨਿੱਘ ਆ ਰਿਹਾ ਸੀ। ਬਿੰਬ ਹੈ, " ਜਿਸ ਤਰ੍ਹਾਂ ਉਹ ਕਹਿ ਰਹੇ ਹੋਣ ਦੁਨੀਆ ਵਿਚ ਸਭ ਠੀਕ-ਠਾਕ ਹੈ ਇਕ ਨਵੀਂ ਕਾਰ ਵਾਂਗ ਇਹ ਬੜੇ ਅਰਾਮ ਨਾਲ ਤੇ ਵਧੀਆ ਚਲ ਰਹੀ ਹੈ।" (ਪੰਨਾ 288.)

ਸੂਦ ਸਾਹਿਬ ਦੀ ਪਤਨੀ ਪਤੀ ਦੀ ਖੁਸ਼ੀ ਨੂੰ ਮਹਿਸੂਸ ਕਰ ਰਹੀ ਸੀ। ਉਹ ਵੀ ਸਰੂਰ ਵਿਚ ਇਕ ਗੱਲ ਸੁਣਾਉਣ ਲੱਗੀ। ਬਿੰਬ ਹੈ, "ਜਿਵੇਂ ਸ੍ਰੀ ਮਤੀ ਸੂਦ ਦੀਆਂ ਯਾਦਾਂ ਨੂੰ ਫੁੱਲ ਲੱਗ ਗਏ ਹੋਣ।" (ਪੰਨਾ 288.)

'ਹਾਰ' ਕਹਾਣੀ ਦਾ ਪਾਤਰ ਮਨੋਹਰ ਲਾਲ ਕੰਜੂਸੀ ਕਰਕੇ ਇਸ ਲਈ ਪੈਸੇ ਜਮਾਂ ਕਰਦਾ ਹੈ ਕਿ ਇਹ ਦੇਸ਼ ਦੀ ਤਰੱਕੀ ਲਈ ਸਹਾਈ ਹੋਵੇਗਾ। ਇਕ ਦਿਨ ਉਹ ਗਲੀ ਵਿਚ ਇਕ ਮੰਗਤੀ ਨੂੰ ਬਿਮਾਰ ਬੱਚਾ ਚੁੱਕੀ ਫਿਰਦਾ ਦੇਖਦਾ ਹੈ ਤਾਂ ਉਹਦੇ ਮਨ ਵਿਚ ਇਕ ਹਸਪਤਾਲ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਤਰ੍ਹਾਂ ਜੀਵਨ ਨੂੰ ਚੰਗੇਰਾ ਬਣਾਉਣ ਲਈ ਅਨੇਕਾਂ ਸੁਪਨੇ ਸਨ। ਉਂਞ ਉਸਨੇ ਇਹ ਚੰਗੇਰਾ ਜੀਵਨ ਕਿਤੇ ਵੇਖਿਆ ਨਹੀਂ ਸੀ। ਬਿੰਬ ਹੈ. "ਜਿਵੇਂ ਕੁਆਰੀ ਕੁੜੀ ਦੇ ਮਨ ਵਿਚ ਬਿਨਾਂ ਵਿਆਹੁਤਾ ਜੀਵਨ ਵੇਖਿਆਂ ਉਸ ਬਾਰੇ ਰਾਂਗਲੇ ਖਿਆਲ ਹੁੰਦੇ ਨੇ।" (ਪੰਨਾ 298.)

ਮਨੋਹਰ ਲਾਲ ਦੀ ਪਤਨੀ ਵੀ ਪੈਸੇ ਜੋੜਨ ਵਿਚ ਉਸਦਾ ਸਾਥ ਦੇ ਰਹੀ ਸੀ। ਉਸਨੂੰ ਇਹ ਸਭ ਕਰਦਿਆਂ ਇਸ ਤਰ੍ਹਾਂ ਲੱਗਦਾ ਸੀ। ਬਿੰਬ ਹੈ, " ਜਿਵੇਂ ਦਿਨ ਰਾਤ ਕਿਸੇ ਵੱਡੇ ਭਲੇ ਕੰਮ ਲੱਗੀ ਹੋਈ ਹੋਵੇ। ਕਿਸੇ ਭਾਰੀ ਸੇਵਾ ਵਿਚ ਹਿੱਸੇਦਾਰ ਹੋਵੇ। ਜਿਸ ਤਰ੍ਹਾਂ ਕਿਸੇ ਸਰੋਵਰ ਦੀ ਪੁਟਾਈ ਵਿਚ ਵੀਹ ਟੋਕਰੀਆਂ ਮਿੱਟੀ ਸੁਟ ਕੇ ਵੀ ਸੇਵਾ ਕੀਤੀ ਦਾ ਅਹਿਸਾਸ ਹੋ ਜਾਂਦਾ ਹੈ।" (ਪੰਨਾ 299.)

ਉਹ ਸਬਜੀ, ਕੱਪੜੇ ਆਦਿ ਲੈਣ ਵੇਲੇ ਸਭ ਥਾਂ ਕੰਜੂਸੀ ਕਰਦੇ। ਇਹ ਸਭ ਕਰਦਿਆਂ ਉਨ੍ਹਾਂ ਨੂੰ ਬੜੀ

ਸ਼ਾਤੀ ਮਿਲਦੀ। ਬਿੰਬ ਹੈ, "ਜਿਵੇਂ ਉਹ ਕੈਂਚੀ ਨਾਲ ਦੇਸ਼ ਦੀ ਗਰੀਬੀ ਦੇ ਜਾਲ ਨੂੰ ਕੱਟ ਰਹੇ ਹੋਣ। ਹਰ ਬਚਤ ਕੈਂਚੀ ਦੀ ਇਕ ਕਤਰ ਸੀ।" (ਪੰਨਾ 299.)

ਉਨ੍ਹਾਂ ਦੇ ਬੱਚੇ ਇਸ ਕੰਜੂਸੀ ਤੋਂ ਦੁਖੀ ਸਨ। ਜਦੋਂ ਉਹ ਆਪਣੀ ਕੁੜੀ ਨੂੰ ਖੁਰਦਰੇ ਕੱਪੜੇ ਦੀ ਨਵੀਂ ਫਰਾਕ ਪਾਉਣ ਨੂੰ ਕਹਿੰਦੇ ਹਨ ਤਾਂ ਉਹ ਉਸ ਦੀ ਥਾਂ ਗੁੱਸੇ ਵਿਚ ਪੁਰਾਣੀ ਹੀ ਪਹਿਨ ਲੈਂਦੀ ਹੈ। ਪਤਨੀ ਧੱਕੇ ਨਾਲ ਉਸਦੇ ਨਵੀਂ ਫਰਾਕ ਪਾ ਦਿੰਦੀ ਹੈ। ਕੁੜੀ ਫਰਾਕ ਪਾ ਕੇ ਉਥੇ ਹੀ ਖੜੀ ਰਹੀ। ਬਿੰਬ ਹੈ, "ਜਿਵੇਂ ਉਸਨੂੰ ਕਿਸੇ ਨੇ ਸਰਾਪ ਦੇ ਦਿੱਤਾ ਹੋਵੇ।" (ਪੰਨਾ 299.)

ਇਕ ਦਿਨ ਅਖਬਾਰ ਵਿਚ ਕਿਸੇ ਸਕੀਮ ਅਧੀਨ ਕਿਸੇ ਵਿਅਕਤੀ ਦੀ ਪੰਜੀ ਹਜ਼ਾਰ ਰੁਪਏ ਦੀ ਰਾਸ਼ੀ ਜਮਾਂ ਕਰਵਾਉਣ ਦੀ ਫੋਟੋ ਛਪਦੀ ਹੈ। ਇਕੱਠਾ ਪੰਜੀ ਹਜ਼ਾਰ ਜਮਾਂ ਕਰਵਾਉਣ ਬਾਰੇ ਸੋਚ ਕੇ ਪਤਨੀ ਅਪਣੀਆਂ ਜਮਾਂ ਕਰਵਾਈਆਂ ਚੁਆਨੀਆਂ ਅਠਆਨੀਆਂ ਬਾਰੇ ਸੋਚਣ ਲੱਗ ਜਾਂਦੀ ਹੈ। ਆਪਣੀ ਕੀਤੀ ਕਿਰਸ ਉਸਨੂੰ ਤੁੱਛ ਜਾਪਦੀ ਹੈ। ਜਿਹੜੀ ਗੱਲ ਉਸਨੂੰ ਹੁਣ ਤਕ ਏਨੀ ਖੁਸ਼ੀ ਦਿੰਦੀ ਆਈ ਸੀ ਹੁਣ ਬਿਲਕੁਲ ਜੀ ਨਿਗੂਣੀ ਜਾਪਣ ਲੱਗ ਪਈ ਸੀ। ਬਿੰਬ ਹੈ, "ਜਿਵੇਂ ਕੋਈ ਛਾਲਾਂ ਮਾਰਨ ਵਾਲਾ ਖਿਡਾਰੀ ਰੋਜ਼ ਮਿਹਨਤ ਕਰਕੇ ਚੱਪਾ ਚੱਪਾ ਆਪਣੀ ਛਾਲ ਵਧਾਏ। ਏਨੀ ਘਾਲ ਪਿਛੋਂ ਜਦੋਂ ਉਹ ਤੇਰਾਂ ਹੱਥਾਂ ਤੇ ਅੱਪੜੇ ਤਾਂ ਕੋਈ ਹੋਰ ਬੰਦਾ ਕੱਛ ਵਿਚ ਦਬਾਈ ਕਿਸੇ ਮਸ਼ੀਨ ਦੇ ਆਸਰੇ ਹਵਾ ਵਿਚ ਉਡਦਾ ਸੌ ਹੱਥ ਛਾਲ ਮਾਰ ਦੇਵੇ ਤੇ ਲੋਕ ਉਸ ਦੀ ਵਾਹਵਾ ਕਰ ਦੇਣ।" (ਪੰਨਾ 301.)

'ਮਾਖਿਓ ਦੀ ਛੱਲੀ' ਕਹਾਣੀ ਵਿਚ ਲੇਖਕਾਂ ਦੇ ਪ੍ਰੋਗਰਾਮ ਵਿਚ ਪ੍ਰਕਾਸ਼ ਨਾਂ ਦੇ ਪਾਤਰ ਨਾਲ ਇਕ ਬਹੁਤ ਸੋਹਣੀ ਕੁੜੀ ਆਉਂਦੀ ਹੈ। ਪ੍ਰੇਮ ਪਾਤਰ ਦੇ ਸੰਪਰਕ ਵਿਚ ਅਜਿਹੀ ਕਦੇ ਵੀ ਕੋਈ ਕੁੜੀ ਨਹੀਂ ਆਈ ਸੀ। ਪ੍ਰੇਮ ਨੂੰ ਉਸ ਕੁੜੀ ਦੇ ਮੁਕਾਬਲੇ ਸਭ ਕੁੱਝ ਨਿਗੂਣਾ ਲੱਗ ਰਿਹਾ ਸੀ। ਬਿੰਬ ਹੈ, "ਜਿਸ ਤਰ੍ਹਂ ਵੱਡੇ ਸਾਰੇ ਖੱਗੇ ਦੇ ਸਿਰੇ ਤੇ ਮਾਖਿਓ ਦੀ ਛੱਲੀ ਲੱਗੀ ਹੋਵੇ। ਕਿੰਨੇ ਰਸ ਵਾਲੀ ਚੋ ਚੋ ਕਰਦੀ ਛੱਲੀ ਸੀ ਉਹ ਕੁੜੀ ਬਾਕੀ ਸਾਰਾ ਜਲਸਾ ਥੋਥਾ ਖੱਗਾ ਸੀ। ਵਿਅਰਥ ਸਿੱਥਾ, ਭੂਕਲ।" (ਪੰਨਾ 303.)

'ਮੱਛਰ'ਕਹਾਣੀ ਵਿਚ ਵਿਰਕ ਲਿਖਦਾ ਹੈ ਜਦੋਂ ਵੱਡੇ ਹੋ ਕੇ ਬੇਰੀਆਂ ਤੇ ਚੜ੍ਹ ਕੇ ਬੇਰ ਤੋੜਨ ਦੀ ਜਾਚ ਆ ਜਾਂਦੀ ਹੈ ਤਾਂ ਪਹਿਲਾਂ ਤਾਂ ਮਨ ਨੂੰ ਇਤਬਾਰ ਹੀ ਨਹੀਂ ਆਉਂਦਾ ਕਿ ਬੇਰ ਇਸ ਤਰ੍ਹਾਂ ਹੱਥ ਦੇ ਨੇੜੇ ਕਿਵੇਂ ਹੋ ਸਕਦੇ ਨੇ, ਇਸ ਬਾਰੇ ਬਿੰਬ ਹੈ, "ਜਿਵੇਂ ਥਾਲ ਵਿਚ ਰੋਟੀ।" (ਪੰਨਾ 310.)

ਕਹਾਣੀ ਦੇ ਪਾਤਰ ਸ਼ੁਦਰਸ਼ਨ ਨੇ ਸਰਲਾ ਤੇ ਨਿਰਮਲਾ ਨਾਲ ਦੋਸਤੀ ਕੀਤੀ ਹੋਈ ਸੀ। ਇਨ੍ਹਾਂ ਦੋਵਾਂ ਦੀ ਤੁਲਨਾ ਵੀ ਵਿਰਕ ਦੋ ਬੇਰੀਆਂ ਨਾਲ ਕਰਦਾ ਹੈ ਕਿ ਸ਼ੁਦਰਸ਼ਨ ਇਨ੍ਹਾਂ ਦੋ ਬੇਰੀਆਂ ਨੂੰ ਆਪਣਾ ਹੀ ਸਮਝਦਾ ਸੀ। ਇਨ੍ਹਾਂ ਨੂੰ ਝੂਣਿਆਂ ਮਿੱਠੇ ਮਿੱਠੇ ਬੇਰ ਕਿਰਦੇ ਸਨ ਮਜ਼ੇਦਾਰ ਗੱਲਾਂ ਦੀ ਸ਼ਕਲ ਵਿਚ। ਇਨ੍ਹਾਂ ਦੋਵਾਂ ਨੂੰ ਮਿਲਣ ਲਈ ਉਹ ਕਿਸ ਤਰ੍ਹਾਂ ਲੋਚਦਾ ਰਹਿੰਦਾ ਹੈ। ਬਿੰਬ ਹੈ, "ਜਿਵੇਂ ਜ਼ਖਮ ਮਲਮ ਨੂੰ।" (ਪੰਨਾ 310.)

ਕਈ ਵਾਰ ਸੁਦਰਸ਼ਨ ਨਿਰਮਲਾ ਦੇ ਘਰ ਵੱਲ ਸੁਤੇ ਸਿਧ ਹੀ ਤੁਰ ਪੈਂਦਾ, ਬਿੰਬ ਹੈ, "ਜਿਵੇਂ ਪਾਣੀ ਨਿਵਾਣਾਂ ਵਲ ਟੁਰ ਪੈਂਦਾ ਹੈ।" (ਪੰਨਾ 311.)

ਸੁਦਰਸ਼ਨ ਨਿਰਮਲਾ ਨਾਲ ਵਧੇਰੇ ਨੇੜਤਾ ਬਣਾਉਣੀ ਚਹੁੰਦਾ ਸੀ। ਉਸਨੇ ਨਿਰਮਲਾ ਨੂੰ ਇਹ ਗੱਲ ਕਈ ਵਾਰ ਦੱਸਣੀ ਚਾਹੀ। ਉਨ੍ਹਾਂ ਦੀ ਹੁਣ ਵਾਲੀ ਦੋਸਤੀ ਤਾਂ ਕੇਵਲ ਕਿਹੋ ਜਿਹੀ ਸੀ,ਬਿੰਬ ਹੈ, "ਇਕ ਕੰਜੂਸ ਦੇ ਘਿਉ ਦੇ ਕੁਜੇ ਵਲ ਗਰਾਹੀ ਕਰਕੇ ਖਾਣ ਵਾਂਗ ਸੀ ਥੋੜੀ ਜਿਹੀ ਹਿੰਮਤ ਨਾਲ ਉਹ ਚੂਰੀ ਵੀ ਕੁੱਟ ਕੇ ਖਾ ਸਕਦੇ ਸਨ।" (ਪੰਨਾ 312.)

'ਸਾਗਰ ਤੇ ਨਿਰਮਲ' ਕਹਾਣੀ ਦਾ ਸਾਗਰ ਨਿਰਮਲ ਨਾਂ ਦੀ ਕੁੜੀ ਨੂੰ ਮਿਲ ਕੇ ਆਇਆ ਸੀ। ਅੱਜ ਉਹ ਬਹੁਤ ਖੁਸ਼ ਸੀ। ਉਸਨੇ ਇਹ ਜਾਨਣ ਦਾ ਯਤਨ ਕੀਤਾ ਕਿ ਉਸਨੂੰ ਏਨੀ ਖੁਸ਼ੀ ਕਿਸ ਚੀਜ਼ ਦੀ ਚੜ੍ਹੀ ਹੋਈ ਸੀ। ਇਹਦੇ ਬਾਰੇ ਬਿੰਬ ਹੈ, " ਜਿਸ ਤਰ੍ਹਾਂ ਕੋਈ ਨਸ਼ਈ ਸੁਰਤ ਸੰਭਾਲ ਕੇ ਇਹ ਫੋਲਣ ਦਾ ਚਾਰਾ ਕਰੇ ਕਿ ਨਸ਼ਾ ਕੀ ਚੀਜ਼ ਹੈ। ਕੀ ਇਹ ਇਸ ਤਰ੍ਹਾਂ ਸੀ ਜਿਵੇਂ ਕੱਪੜੇ ਨੂੰ ਰੰਗ ਚੜ੍ਹ ਜਾਂਦਾ ਹੈ। ਜਾਂ ਇਹ ਇਸ ਤਰ੍ਹਾਂ ਜਿਵੇਂ ਕਿਸੇ ਲੰਬੀ ਚੌੜੀ ਮਸ਼ੀਨ ਦੇ ਪੁਰਜੇ ਆਪੋ ਵਿਚ ਫਿਟ ਬੈਠ ਜਾਣ। ਜਾਂ ਜਿਵੇਂ ਅੰਬ ਪੱਕ ਜਾਂਦਾ ਹੈ। ਜਾਂ ਜਿਵੇਂ ਕੋਈ ਬੱਦਲੀ ਵੱਸਣ ਲੱਗ ਪੈਂਦੀ ਹੈ?" (ਪੰਨਾ 315.)

ਨਿਰਮਲਾ ਨਾਲ ਚਾਹ ਪੀਣ ਤੋਂ ਬਾਦ ਉਹ ਨਿਰਮਲਾ ਦੇ ਪਿਆਰ ਨੂੰ ਜਿੱਤ ਲਿਆ ਨਹੀਂ ਸਮਝਦਾ ਸੀ। ਉਹ ਇਸ ਨੂੰ ਮੰਜਲ ਦਾ ਇਕ ਪੜ੍ਹਾ ਵੀ ਨਹੀਂ ਸਮਝਦਾ ਸੀ। ਉਹ ਜਾਣਦਾ ਸੀ ਕਿ ਇਸ ਮੰਜਲ ਦੇ ਕੋਈ ਪੜ੍ਹਾ ਨਹੀਂ ਮੰਜਲ ਹੀ ਹੈ। ਬਿੰਬ ਹੈ, "ਪਿਆਰ ਇਸ ਤਰ੍ਹਾਂ ਨਹੀਂ ਪੱਕਦਾ ਜਿਵੇਂ ਕਣਕ ਪੱਕਦੀ ਹੈ।

ਪਹਿਲਾਂ ਬੀਜੀ ਜਾਵੇਗੀ, ਫਿਰ ਉਗੇਗੀ,ਵੱਡੀ ਹੋਵੇਗੀ,ਸਿੱਟੇ ਪੈਣਗੇ,ਲਾਲੀ ਫਿਰੇਗੀ ਤਾਂ ਪੱਕੇਗੀ। ਇਹ ਝਟ ਪਟੀ ਖੇਡ ਵੀ ਹੋ ਸਕਦੀ ਸੀ। ਜਿਵੇਂ ਪਹਿਲੀਆਂ ਵਿਚ ਲੋਕਾਂ ਨੂੰ ਕਿੱਲੇ ਠੋਕਦਿਆਂ ਮੁਹਰਾਂ ਦੇ ਭਰੇ ਹੋਏ ਭਾਂਡੇ ਲਭ ਪੈਂਦੇ ਸਨ।" (ਪੰਨਾ 315.)

ਸੁਦਰਸ਼ਨ ਨਿਰਮਲਾ ਦੀ ਆਪਣੇ ਬਾਰੇ ਰਾਇ ਨੂੰ ਨਹੀਂ ਜਾਣ ਪਾ ਰਿਹਾ ਸੀ। ਕਈ ਵਾਰ ਜਦੋਂ ਉਹ ਉਸ ਕੋਲੋਂ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਦੀ ਤਾਂ ਸੁਦਰਸ਼ਨ ਨੂੰ ਲੱਗਦਾ ਜਿਵੇਂ ਉਹ ਸਾਫ ਉਸ ਬਾਰੇ ਜਾਣ ਸਕਦਾ ਹੈ। ਬਿੰਬ ਹੈ, "ਜਿਵੇਂ ਬਾਈਸਕੋਪ ਦੇ ਦੋ ਸ਼ੀਸ਼ਿਆਂ ਵਿਚੋਂ ਬੱਚੇ ਉਸਦੇ ਢਿੱਡ ਵਿਚ ਪਈ ਮੂਰਤ ਵੇਖ ਸਕਦੇ ਹਨ।" (ਪੰਨਾ 315.)

ਫਿਰ ਸੁਦਰਸ਼ਨ ਦੀ ਦੋਸਤੀ ਇਕ ਹੋਰ ਕੁੜੀ ਨਾਲ ਹੋ ਜਾਂਦੀ ਹੈ। ਇਹ ਕੁੜੀ ਬਗੈਰ ਹੱਥ ਲਗਾਉਣ ਦੇ ਵੀ ਉਸ ਦੀ ਸੀ। ਬਿੰਬ ਹੈ, "ਜਿਵੇਂ ਕਿਦੇ ਜੱਟ ਦੀ ਜੱਦੀ ਜ਼ਮੀਨ।" (ਪੰਨਾ 318.)

ਉਸਦੀ ਫਿਰ ਇਕ ਵਾਰ ਦੁਵਾਰਾ ਨਿਰਮਲਾ ਨਾਲ ਮੁਲਾਕਾਤ ਹੁੰਦੀ ਹੈ। ਉਹ ਫਿਰ ਤੋਂ ਉਸ ਦੇ ਖਿਆਲਾਂ ਵਿਚ ਮਧੋਲਿਆ ਗਿਆ। ਬਿੰਬ ਹੈ, "ਜਿਵੇਂ ਫਲ੍ਹੇ ਵਾਹੁੰਦਿਆਂ ਫਲ੍ਹਾ ਉਸ ਦੇ ਉਤੋਂ ਦੀ ਲੰਘ ਗਿਆ ਹੋਵੇ।" (ਪੰਨਾ 320.)

'ਮਾਵਾਂ ਧੀਆਂ' ਕਹਾਣੀ ਵਿਚ ਮੈਂ ਪਾਤਰ ਦੱਸਦਾ ਹੈ ਕਿ ਹਿੰਦੋਸਤਾਨ ਵਿਚ ਨਵੇਂ ਕਾਰਖਾਨੇ ਲੱਗ ਰਹੇ ਹਨ। ਨਵੀਂਆਂ ਸਹੂਲਤਾਂ ਆ ਰਹੀਆਂ ਹਨ। ਲੋਕਾਂ ਕੋਲ ਖਰਚ ਕਰਨ ਲਈ ਪੈਸਾ ਵੀ ਪਹਿਲਾਂ ਨਾਲੋਂ ਵੱਧ ਆ ਰਿਹਾ ਹੈ। ਮੈਂ ਪਾਤਰ ਆਖਦਾ ਹੈ ਕਿ ਹਿੰਦੋਸਤਾਨ ਦੀ ਵਧ ਰਹੀ ਅਮੀਰੀ ਵਿਚ ਮੈਂ ਇਸ ਤਰ੍ਹਾਂ ਫਿਟ ਬੈਠਦਾ ਹਾਂ। ਇਸ ਬਾਰੇ ਬਿੰਬ ਹੈ, "ਜਿਵੇਂ ਕਿਸੇ ਵੱਡੀ ਮਸ਼ੀਨ ਦਾ ਪੁਰਜਾ। ਮਸ਼ੀਨ ਦੀ ਰਫਤਾਰ ਨਾਲ ਹੀ ਪੁਰਜਿਆਂ ਦੀ ਰਫਤਾਰ ਵਿਚ ਫੁਰਤੀ ਆਉਂਦੀ ਹੈ।" (ਪੰਨਾ 324.)

ਕਹਾਣੀ ' ਸਦੈ ਉਠਿ ਜਾਇ' ਦੇ ਪਿਆਰਾ ਸਿੰਘ ਦੀ ਅੰਤਿਮ ਅਰਦਾਸ ਵੇਲੇ ਜਦੋਂ ਉਸਦੀ ਪਤਨੀ ਇਕ ਰੁਪਏ ਦੇ ਨੋਟ ਉਤੇ ਚਾਰ ਆਨੇ ਰੱਖ ਕੇ ਮੱਥਾ ਟੇਕਣ ਲੱਗਦੀ ਹੈ ਤਾਂ ਕਿੰਨਾ ਹੀ ਚਿਰ ਸਿਰ ਨਿਵਾਈ ਸਿਰ ਹੇਠਾਂ ਹੀ ਦਬੀ ਰਹੀ। ਬਿੰਬ ਹੈ, "ਜਿਵੇਂ ਕਿਸੇ ਦੇ ਪੈਰ ਫੜਕੇ ਮੱਥੇ ਹੇਠਾਂ ਘੁਟ ਰਹੀ ਹੋਵੇ। ਕਿੰਨਾ ਹੀ ਚਿਰ ਉਸਨੇ ਸਿਰ ਨਾ ਚੁਕਿਆ।" (ਪੰਨਾ 333.)

'ਦਾਤੇ' ਕਹਾਣੀ ਦੀ ਸੀਤਾ ਦੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੋ ਰਿਹਾ ਸੀ। ਪਰ ਘਰ ਦੀ ਗਰੀਬੀ ਦਾ ਉਸਦੇ ਬੱਚਿਆਂ ਤੇ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ ਸੀ। ਬਿੰਬ ਹੈ, "ਘਰ ਦੀ ਗਰੀਬੀ ਦੀ ਹਾਲਤ ਵਿਚ ਬੱਚਿਆਂ ਦੀ ਇਹ ਫੌਜ ਇਸ ਤਰ੍ਹਾਂ ਅਭਿੱਜ ਖਲੋਤੀ ਸੀ ਜਿਸ ਤਰ੍ਹਾਂ ਛੰਨਾਂ ਛਪਰਾਂ ਵਾਲੇ ਕਿਸੇ ਪਿੰਡ ਵਿਚ ਚੂਨੇ ਗੱਚ ਮਸੀਤ।" (ਪੰਨਾ 336.)

ਇਸ ਗਰੀਬ ਘਰ ਵਿਚ ਉਨ੍ਹਾਂ ਬੱਚਿਆਂ ਦੀ ਆਪਣੀ ਵੱਖਰੀ ਹੀ ਦੁਨੀਆਂ ਸੀ। ਬਿੰਬ ਹੈ, "ਜਿਵੇਂ ਫਤਿਹ ਹੋਏ ਕਿਸੇ ਦੇਸ਼ ਵਿਚ ਬਾਗੀਆਂ ਦਾ ਕਿਲਾ।" (ਪੰਨਾ 336.)

ਕਹਾਣੀ 'ਕੁੜੀ ਦਾ ਦਾਜ' ਦਾ ਪਾਤਰ ਅੱਲਾ ਰੱਖਾ ਦੇਸ਼ ਵੰਡ ਸਮੇਂ ਧਰਮ ਬਦਲ ਕੇ ਮੁਸਲਮਾਨ ਬਣ ਗਿਆ ਸੀ। ਧਰਮ ਬਦਲ ਕੇ ਉਸਨੇ ਆਪਣੀ ਜਾਨ ਲੋਕਾਂ ਕੋਲੋਂ ਤਾਂ ਬਚਾ ਲਈ ਸੀ ਪਰ ਹੁਣ ਉਸਨੂੰ ਆਪਣੀ ਜਾਨ ਆਪਣੇ ਕੋਲੋਂ ਬਚਾ ਕੇ ਰੱਖ ਸਕਣੀ ਔਖੀ ਹੋਈ ਪਈ ਸੀ। ਉਸਦਾ ਇਸ ਅਪਣਾਏ ਹੋਏ ਧਰਮ ਵਿਚ ਮਨ ਨਹੀਂ ਧਿਜਦਾ ਸੀ। ਇਸ ਸਬੰਧੀ ਬਿੰਬ ਹੈ "ਘੇਰੇ ਵਿਚ ਤਾੜੇ ਹੋਏ ਜੰਗਲੀ ਹਿਰਨ ਵਾਂਗ ਉਸਦਾ ਦਿਲ ਉਡਦਾ ਰਹਿੰਦਾ।" (ਪੰਨਾ 342.)

'ਸਾਂਝ' ਕਹਾਣੀ ਵਿਚ ਵੱਡੇ ਸਰਦਾਰ ਦੇ ਜਵਾਈ ਮਰਨ ਤੇ ਲੋਕ ਉਨ੍ਹਾਂ ਦੇ ਘਰ ਅਫਸੋਸ ਕਰਨ ਆਏ ਹੋਏ ਸਨ। ਸਰਦਾਰ ਦੇ ਪਿੰਡ ਤੋਂ ਕੁੱਝ ਗਰੀਬ ਕੰਮੀ ਵੀ ਅਫਸੋਸ ਕਰਨ ਆਏ ਹੋਏ ਸਨ। ਉਹ ਉਥੇ ਵੱਡੇ ਲੋਕਾਂ ਵਿਚ ਇਕ ਪਾਸੇ ਚੁੱਪਚਾਪ ਸੁੰਗੜੇ ਜਿਹੇ ਬੈਠੇ ਸਨ। ਉਨ੍ਹਾਂ ਬਾਰੇ ਬਿੰਬ ਹੈ," ਜਿਵੇਂ ਕੱਛੂ ਕੁੰਮੇ ਵਾਂਗ ਉਹ ਸਦਾ ਆਪਾ ਸੁਕੇੜਨ ਵਿਚ ਹੀ ਲਗੇ ਰਹੇ ਹੋਣ।" (ਪੰਨਾ 352.)

ਕਹਾਣੀ 'ਸਾਬਨ' ਵਿਚ ਮੈਂ ਪਾਤਰ ਆਪਣੇ ਦੋਸਤਾਂ ਤੋਂ ਉਨ੍ਹਾਂ ਦੀਆਂ ਦੋਸਤ ਕੁੜੀਆਂ ਦੀਆਂ ਗੱਲਾਂ ਸੁਣਦਾ ਹੈ। ਇਕ ਫੌਜੀ ਦੋਸਤ ਉਸਨੂੰ ਦੱਸਦਾ ਹੈ ਕਿ ਮੇਰੀ ਦੋਸਤ ਦਾ ਖਿਆਲ ਮੈਨੂੰ ਇਸ ਤਰ੍ਹਾਂ ਨਿਰਮਲ ਕਰਦਾ ਰਹਿੰਦਾ ਹੈ,ਬਿੰਬ ਹੈ, " ਜਿਵੇਂ ਟਿਊਬਵੈੱਲ ਦਾ ਸੱਜਰਾ ਪਾਣੀ ਵਿਚ ਪੈ ਕੇ ਕਿਸੇ ਮੈਲੇ ਹੋਏ ਹੋਏ ਪਾਣੀ ਨੂੰ ਸਾਫ ਕਰੀ ਜਾਂਦਾ ਹੈ।" (ਪੰਨਾ 359.)

ਮੈਂ - ਪਾਤਰ ਨੂੰ ਆਪਣੇ ਦੋਸਤ ਕਿਸ਼ੋਰ ਦੀਆਂ ਗੱਲਾਂ ਵਧੇਰੇ ਚੰਗੀਆਂ ਲਗਦੀਆਂ ਸਨ। ਉਹ ਉਸਨੂੰ ਅਲੱਗ ਤਰ੍ਹਾਂ ਦੀ ਖਿੱਚ ਵਾਲੀ ਦੁਨੀਆ ਵਿਚ ਲੈ ਜਾਂਦੀਆਂ ਸਨ। ਬਿੰਬ ਹੈ, "ਜਿਸ ਤਰ੍ਹਾਂ ਕੋਈ ਲਾਹੌਰ ਦੇ

ਸਾਲਾਮਾਰ ਬਾਗ ਦੀ ਕੇਵਲ ਬਾਹਰਲੀ ਉੱਚੀ ਕੰਧ ਵੇਖਦੇ ਰਹਿਣ ਪਿਛੋਂ ਕੋਈ ਉਸ ਦਾ ਬੂਹਾ ਲੰਘ ਕੇ ਅੰਦਰ ਜਾ ਵੜੇ ਅਤੇ ਸੁੰਦਰ ਫੁਵਾਰੇ ਪਏ ਚਲਦੇ ਹੋਣ,ਅੰਬ ਪੱਕੇ ਹੋਣ, ਸੌ ਤਰ੍ਹਾਂ ਦੇ ਫੁੱਲ ਖਿੜੇ ਹੋਣ। ਇਕ ਦੇ ਹੇਠਾਂ ਦੂਜਾ ਚੋ ਚੋ ਕਰਦੇ ਘਾਹ ਦੇ ਮੈਦਾਨ ਹੋਣ। ਝਰਨੇ ਲਿਸ਼ਕਦਾ ਪਾਣੀ ਤਿਲਕਾ ਰਿਹਾ ਹੋਵੇ।" (ਪੰਨਾ 359.)

ਉਸਦੇ ਬਾਕੀ ਦੋਸਤ ਜਦੋਂ ਉਸਨੂੰ ਗੱਲਾਂ ਸੁਣਾਉਂਦੇ ਸਨ, ਉਹ ਆਪ ਭਾਵੇਂ ਵਧੇਰੇ ਸਵਾਦ ਲੈਂਦੇ ਸਨ,ਪਰ ਉਸਨੂੰ ਉਨ੍ਹਾਂ ਦੀਆਂ ਗੱਲਾਂ ਦਾ ਸਵਾਦ ਨਾ ਆਉਂਦਾ। ਇਸ ਬਾਰੇ ਬਿੰਬ ਹੈ, "ਜਿਵੇਂ ਸੜਕ ਦੇ ਕੰਢੇ ਲੱਗੇ ਕਿਸੇ ਬੁੱਤ ਨੂੰ ਹਰ ਰੋਜ਼ ਵੇਖਣ ਦਾ ਬਹੁਤਾ ਸਵਾਦ ਨਹੀਂ ਆਉਂਦਾ।" (ਪੰਨਾ 360.)

'ਨਵੇਂ ਲੋਕ' ਕਹਾਣੀ ਵਿਚ ਮੈਂ ਪਾਤਰ ਆਪਣੇ ਸ਼ਾਗਿਰਦ ਪ੍ਰੋਫੈਸਰ ਨਾਲ ਕਿਰਾਏ ਦਾ ਮਕਾਨ ਲੈਣ ਲਈ ਦੇਖਣ ਤੋਂ ਇਨਕਾਰ ਕਰ ਦਿੰਦਾ ਹੈ। ਪ੍ਰੋਫੈਸਰ ਉਸਨੂੰ ਨਾਲ ਲੈ ਜਾਣ ਲਈ ਕੀ ਕਹਿ ਕੇ ਤਿਆਰ ਕਰ ਲੈਂਦਾ ਹੈ। ਬਿੰਬ ਹੈ, "ਮਕਾਨ ਲੈਣਾ ਤੇ ਬਹੁਤ ਹੀ ਮਜੇਦਾਰ ਕੰਮ ਏ। ਇਸ ਤਰ੍ਹਾਂ ਏ ਜਿਵੇਂ ਕਿਸੇ ਦੇ ਬੱਚੇ ਨੂੰ ਗੋਦ ਲੈ ਰਹੇ ਹੋਵੋ ਜਾਂ ਮੁਤਬੰਨਾ ਬਣਾ ਰਹੇ ਹੋਵੋ।" (ਪੰਨਾ 366.)

ਕਹਾਣੀ ਦੇ ਅਖੀਰ ਤੇ ਦੇਖੇ ਗਏ ਘਰ ਦੀ ਮਾਲਕਣ ਨਾਲ ਗੱਲਾਂ ਕਰਨ ਤੋਂ ਬਾਅਦ ਪ੍ਰੋਫੈਸਰ ਦੀ ਚੁੱਪ ਨੂੰ ਦੇਖਕੇ ਉਸਦਾ ਦੋਸਤ ਕਾਰਨ ਪੁੱਛਦਾ ਹੈ ਤਾਂ ਪ੍ਰੋਫੈਸਰ ਨੇ ਆਪਣੀ ਚੁੱਪ ਦਾ ਕਾਰਨ ਦੱਸਦਿਆਂ ਜੋ ਕਿਹਾ ਸੀ ਉਸ ਬਾਰੇ ਬਿੰਬ ਹੈ, "ਜਦੋਂ ਅਸੀਂ ਤੇਰੇ ਜਿੱਡੇ ਹੁੰਦੇ ਸਾਂ ਤਾਂ ਕਿਸੇ ਓਪਰੀ ਜਨਾਨੀ ਨਾਲ ਏਨੀਆਂ ਗੱਲਾਂ ਕਰਨ ਲਈ ਸਾਨੂੰ ਲਾਹੌਰ ਹੀਰਾ ਮੰਡੀ ਜਾਣਾ ਪੈਂਦਾ ਸੀ।" (ਪੰਨਾ 370.)

'ਮੇਜਰ' ਕਹਾਣੀ ਦੇ ਮੇਜਰ ਪਾਤਰ ਦਾ ਵਿਆਹ ਹੋਏ ਨੂੰ ਕਈ ਸਾਲ ਹੋ ਗਏ। ਹੁਣ ਉਨ੍ਹਾਂ ਦੇ ਘਰ ਪੰਜ ਛੇ ਸਾਲ ਦਾ ਬੱਚਾ ਵੀ ਸੀ। ਵਿਆਹ ਤੋਂ ਲੈ ਕੇ ਹੁਣ ਤਕ ਮੇਜਰ ਦਾ ਆਪਣੀ ਪਤਨੀ ਪ੍ਰਤੀ ਲਗਾਵ ਘੱਟ ਨਹੀਂ ਹੋਇਆ ਸੀ। ਬਿੰਬ ਹੈ, "ਉਸ ਲਈ ਤਾਂ ਇਹ ਇਸ ਤਰ੍ਹਾਂ ਸੀ ਜਿਵੇਂ ਕੋਈ ਨਵਾਂ ਮਹਾਂਦੀਪ ਖੁਲ੍ਹ ਗਿਆ ਹੋਵੇ।" (ਪੰਨਾ 372.)

'ਅਲੀ ਬਾਬਾ ਤੇ ਕਾਸਿਮ' ਕਹਾਣੀ ਦਾ ਪਾਤਰ ਨਿੰਦੀ ਨਾਂ ਦੀ ਕੁੜੀ ਨੂੰ ਟਿਊਸ਼ਨ ਪੜਾਉਂਦਾ ਸੀ। ਮਾਸਟਰ ਘੱਟ ਸੋਹਣਾ ਸੀ। ਮਾਸਟਰ ਨਿੰਦੀ ਅੱਗੇ ਅਪਣੇ ਆਪ ਨੂੰ ਕੱਖੋਂ ਹੌਲਾ ਸਮਝਦਾ ਸੀ। ਜਦੋਂ ਨਿੰਦੀ ਪਹਿਲੇ ਦਿਨ ਚਿੱਟੀ ਸਲਵਾਰ ਨਾਲ ਚਿੱਟੀ ਚੁੰਨੀ ਲਈ ਮਾਸਟਰ ਕੋਲ ਹੌਲੀ-ਹੌਲੀ ਤੁਰਦੀ ਹੋਈ ਟਿਊਸ਼ਨ ਪੜ੍ਹਨ ਅੰਦਰ ਆਈ ਤਾਂ ਕਿਵੇਂ ਲੱਗਦੀ ਸੀ ਬਾਰੇ ਬਿੰਬ ਹੈ, "ਮਾਸਟਰ ਨੂੰ ਇਉਂ ਲੱਗੀ ਜਿਵੇਂ ਕਹਾਣੀਆਂ ਵਾਲੀਆ ਪਰੀਆਂ ਵਿਚੋਂ ਕੋਈ ਪਰੀ ਉਨ੍ਹਾਂ ਵੱਲ ਵਧ ਰਹੀ ਹੋਵੇ। ਜਦੋਂ ਉਹ ਉਸ ਨਾਲ ਗੱਲਾਂ ਕਰਦੇ ਹੁੰਦੇ ਤਾਂ ਇਸ ਤਰ੍ਹਾਂ ਅਨੁਭਵ ਕਰਦੇ ਜਿਵੇਂ ਕੋਈ ਬੱਚਾ ਇਕ ਗੁਪਤ ਤਾਕਤ ਮਿਲ ਜਾਣ ਕਰਕੇ ਇਕ ਡੂੰਘੇ ਦਰਿਆ ਵਿਚ ਤਰ ਰਿਹਾ ਹੋਵੇ। ਜਾਂ ਕੋਈ ਸ਼ੇਰਨੀ ਕਿਸੇ ਬੱਕਰੇ ਨੂੰ ਦਵਾਲੇ ਟਪੋਸੀਆਂ ਮਾਰਨ ਦੀ ਆਗਿਆ ਦੇ ਰਹੀ ਹੋਵੇ।" (ਪੰਨਾ 378.)

ਮਾਸਟਰ ਨਿੰਦੀ ਨੂੰ 'ਅਲੀ ਬਾਬਾ ਤੇ ਕਾਸਿਮ' ਦੀ ਕਹਾਣੀ ਸੁਣਾਉਂਦਿਆਂ ਹਮੇਸ਼ਾ ਕਾਸਿਮ ਨੂੰ ਮਾਇਆ ਦਾ ਲਾਲਚ ਨਾ ਕਰਕੇ ਅਮਲ ਦੇ ਰਸਤੇ ਤੁਰਨਾ ਚਾਹੀਦਾ ਸੀ ਦੀ ਸਿੱਖਿਆ ਦਿੰਦੇ। ਪਰ ਫਿਰ ਮਾਸਟਰ ਨਿੰਦੀ ਨਾਲ ਪ੍ਰੇਮ ਸਬੰਧ ਬਣਾ ਲੈਂਦਾ ਹੈ,ਤਾਂ ਲੇਖਕ ਆਪਣੀ ਟਿੱਪਣੀ ਦਿੰਦਾ ਹੈ। ਬਿੰਬ ਹੈ, "ਅਮਲ ਦੀ ਰਟ ਲਾਣ ਵਾਲੇ ਮਾਸਟਰ ਜੀ ਆਪ ਅਮਲ ਤੋਂ ਇੰਨੀ ਦੂਰ ਸੀ ਜਿੰਨ੍ਹਾਂ ਮੱਸਿਆ ਦੀ ਰਾਤ ਤੋਂ ਚੰਨ।" (ਪੰਨਾ 379.)

'ਇਹ ਦੁੱਧ ਤੇਰਾ' ਕਹਾਣੀ ਦੇ ਪਾਤਰ ਮਨਮੋਹਨ ਲਾਲ ਬਾਬੂ ਨੂੰ ਦਫਤਰ ਦੇ ਕੰਮ ਕਾਰ ਲਈ ਕਈ ਦਿਨ ਘਰੋਂ ਬਾਹਰ ਰਹਿਣਾ ਪੈਂਦਾ। ਉਸਦੀ ਗੈਰ ਹਾਜ਼ਰੀ ਵਿਚ ਉਸਦੀ ਪਤਨੀ ਓਦਰ ਜਾਂਦੀ। ਘਰ ਵਾਲੇ ਤੋਂ ਬਿਨਾਂ ਘਰ ਵਾਲੀ ਨੂੰ ਘਰ ਕਿਸ ਤਰ੍ਹਾਂ ਜਾਪਦਾ ਬਿੰਬ ਹੈ, "ਜਿਵੇਂ ਹਾਥੀ ਤੋਂ ਬਿਨਾਂ ਸਰਕਸ ਜਾਂ ਲਾੜੇ ਤੋਂ ਬਿਨ੍ਹਾਂ ਜੰਝ। ਉਸਨੂੰ ਉਸ ਦਿਨ ਇਸ ਤਰ੍ਹਾਂ ਲੱਗਦਾ ਜਿਵੇਂ ਦੁੱਧ ਵਿਚੋਂ ਕਰੀਮ ਕੱਢੀ ਹੋਵੇ।" (ਪੰਨਾ 390.)

ਪਤਨੀ ਹੌਲੀ-ਹੌਲੀ ਦੁੱਧ ਪਾਉਣ ਆਉਂਦੇ ਦੋਧੀ ਮੁੰਡੇ ਨਾਲ ਨੇੜਤਾ ਬਣਾਉਣ ਦੀ ਇੱਛਕ ਹੋ ਜਾਂਦੀ ਹੈ। ਉਹ ਉਸਨੂੰ ਦੇਖਣ ਲਈ ਵਾਰ-ਵਾਰ ਬਾਹਰ ਜਾਂਦੀ ਹੈ। ਫਿਰ ਜਦੋਂ ਬੂਹਾ ਖੜਕਦਾ ਹੈ ਤਾਂ ਉਹ ਮੁੰਡੇ ਦੇ ਸਾਹਮਣੇ ਖੜੇ ਹੋਣ ਨੂੰ ਚਿਤਵ ਕੇ ਦਰਵਾਜ਼ਾ ਖੋਲਦੀ. ਹੈ ਅੱਗੇ ਮੁੰਡੇ ਦੀ ਥਾਂ ਮੁੰਡੇ ਦਾ ਬੁੱਢਾ ਪਿਉ ਦੁੱਧ ਪਾਉਣ ਅਇਆ ਸੀ। ਉਸਨੂੰ ਦੇਖ ਕੇ ਓਹ ਇਕਦਮ ਠੰਡੀ ਹੋ ਗਈ। ਬਿੰਬ ਹੈ, "ਜਿਵੇਂ ਅੱਗ ਉਤੇ ਰੇਤ ਪੈ ਜਾਂਦੀ ਹੈ। ਉਸਦਾ ਸਾਰਾ ਤਾਪ ਉਤਰ ਗਿਆ ਤੇ ਉਹ ਉਹੋ ਹੀ ਪੁਰਾਣੀ ਕਮਲਾ ਬਣ ਗਈ ਮਨਮੋਹਨ ਲਾਲ ਦੀ ਘਰ ਵਾਲੀ।" (ਪੰਨਾ 390.)

'ਠੰਢ' ਕਹਾਣੀ ਦੇ ਮੈਂ ਪਾਤਰ ਨੂੰ ਔਰਤ ਹੋਟਲ ਵਿਚ ਮਿਲਣ ਆਉਂਦੀ ਹੈ। ਉਸਦੇ ਮਿਲਣ ਆਉਣ ਤੋਂ

ਪਹਿਲਾਂ ਮੈਂ ਪਾਤਰ ਅੰਦਰ ਉਸ ਪ੍ਰਤੀ ਬੇਹੱਦ ਖਿੱਚ ਸੀ। ਮਿਲਣ ਤੋਂ ਬਾਦ ਉਹ ਉਸਦੇ ਖਿਆਲਾਂ ਤੋਂ ਖਲਾਸੀ ਮਿਲ ਗਈ ਮਹਿਸੂਸ ਕਰਦਾ ਹੈ। ਹੁਣ ਉਸ ਅੰਦਰ ਇਕ ਟਿਕਾਅ ਸੀ। ਬਿੰਬ ਹੈ, "ਜਿਵੇਂ ਇਕ ਬੱਚੇ ਨੂੰ ਹੁੰਦਾ ਹੈ ਜਦੋਂ ਉਹ ਖੋਲ,ਤੋੜ ਕੇ ਵੇਖ ਲੈਂਦਾ ਹੈ ਕਿ ਉਸਦਾ ਖਿਡਾਉਣਾ ਕਿਥੋਂ ਬੋਲਦਾ ਸੀ। ਜਾਂ ਫਿਰ ਕਿਸੇ ਧਰਮੀ ਆਦਮੀ ਨੂੰ ਹੁੰਦਾ ਹੈ ਜਦੋਂ ਉਹ ਤੀਰਥ ਦੀ ਯਾਤਰਾ ਕਰ ਲੈਂਦਾ ਹੈ ਜਿਸ ਦੀ ਉਸ ਨੂੰ ਚਿਰ ਤੋਂ ਭੜਕਣਾ ਸੀ।" (ਪੰਨਾ 398.)

ਕਹਾਣੀ 'ਦਿੱਲੀ ਦੀ ਕੁੜੀ' ਵਿਚ ਮੈਂ ਪਾਤਰ ਦਿੱਲੀ ਕਿਸੇ ਨਾਟਕ ਵਿਚ ਰੋਲ ਕਰਨ ਲਈ ਆਇਆ ਸੀ। ਉਸਨੂੰ ਦਿੱਲੀ ਦੀ ਇਕ ਕੁੜੀ ਮਿਲੀ ਸੀ। ਉਸ ਕੁੜੀ ਦਾ ਰੋਲ ਵੀ ਨਾਟਕ ਵਿਚ ਸੀ। ਪਹਿਲੇ ਦਿਨ ਉਸਨੂੰ ਉਹ ਕੁੜੀ ਬਹੁਤ ਖੁਸ਼ ਦਿਖਾਈ ਦਿੱਤੀ । ਦੂਸਰੇ ਦਿਨ ਉਹ ਬਹੁਤ ਬੁਝੀ-ਬੁਝੀ ਲੱਗੀ। ਉਸ ਬਾਰੇ ਬਿੰਬ ਹੈ, "ਜਿਵੇਂ ਕੁਹਾੜੇ ਦੀ ਤਗੜੀ ਸੱਟ ਵੱਜਣ ਨਾਲ ਕਿਸੇ ਰੁੱਖ ਦਾ ਟਾਹਣ ਇਕਦਮ ਹੇਠਾਂ ਲਮਕ ਜਾਂਦਾ ਹੈ। ਇਹ ਕੁੜੀ ਇਸ ਤਰ੍ਹਾਂ ਬਦਲ ਗਈ ਜਿਵੇਂ ਚਿੱਟੀ ਪੱਗ ਰੰਗਣ ਵਾਲੇ ਤਸਲੇ ਦੇ ਇਕ ਕੰਢੇ ਤੋਂ ਹੇਠਾਂ ਸਰਕਾ ਕੇ ਦੂਜੇ ਕੰਢੇ ਤੋਂ ਕੱਢਣ ਨਾਲ ਬਦਲ ਜਾਂਦੀ ਹੈ।" (ਪੰਨਾ 407.)

'ਕੌਡੀ ਬਦਲੇ ਜਾਏ' ਕਹਾਣੀ ਵਿਚ ਕੰਡਕਟਰ ਟਿਕਟਾਂ ਦੇ ਕੇ ਸਵਾਰੀਆਂ ਨੂੰ ਬੱਸ ਵਿਚ ਚੜਾਉਂਦਾ ਹੈ। ਇਕ ਸਵਾਰੀ ਦੇ ਨਾਲ ਉਸਦਾ ਦੋਸਤ ਇਸ ਲਈ ਨਹੀਂ ਚੜ੍ਹਾਇਆ ਕਿ ਸੀਟਾਂ ਪੂਰੀਆਂ ਹੋ ਗਈਆਂ ਸਨ। ਅੱਗੇ ਜਾਂ ਕੇ ਕੰਡਕਟਰ ਇਕ ਹੋਰ ਸਵਾਰੀ ਨੂੰ ਬੱਸ ਵਿਚ ਚੜ੍ਹਾ ਲੈਂਦਾ ਹੈ। ਪਿੱਛੇ ਛੁੱਟੀ ਸਵਾਰੀ ਦੇ ਨਾਲ ਵਾਲੀ ਸਵਾਰੀ ਬੋਲਣ ਲੱਗ ਪਈ ਕਿ ਮੇਰੇ ਦੋਸਤ ਨੂੰ ਸੀਟ ਨਾ ਹੋਣ ਕਰਕੇ ਚੜ੍ਹਾਇਆ ਨਹੀਂ ਸੀ। ਹੁਣ ਹੋਰ ਸਵਾਰੀ ਚੜ੍ਹਾ ਲਈ ਹੈ। ਉਸ ਸਵਾਰੀ ਦੁਆਰਾ ਬੋਲੇ ਗਏ ਬਿੰਬ ਨੂੰ ਦੇਖੋ, "ਮੁਸਾਫਰ ਤੇ ਤੁਹਾਡੇ ਭਾਦੇ ਬਨੇਰੇ ਦੇ ਕਾਂ ਨੇ ਜਿਹਨੂੰ ਮਰਜ਼ੀ ਹੋਈ ਉਠਾ ਦਿੱਤਾ, ਜਿਹਨੂੰ ਮਰਜ਼ੀ ਹੋਈ ਬੈਠਾ ਰਹਿਣ ਦਿੱਤਾ।" (ਪੰਨਾ 411.)

ਬੱਸ ਵਿਚੋਂ ਉਤਰ ਕੇ ਮੈਂ ਪਾਤਰ ਆਪਣੇ ਇਕ ਦੋਸਤ ਦੇ ਘਰ ਜਾਂਦਾ ਹੈ। ਦੋਸਤ ਉਸਨੂੰ ਹੋਰਨਾਂ ਜਾਣਕਾਰਾਂ ਦੀਆਂ ਤਰੱਕੀਆਂ ਦੀਆਂ ਖਬਰਾਂ ਸੁਣਾਉਂਦਾ ਹੈ। ਮੈਂ ਪਾਤਰ ਆਪਣੇ ਅੰਦਰੋਂ ਗੁੱਸਾ ਖਤਮ ਹੋ ਜਾਣ ਦੀ ਗੱਲ ਕਰਦਾ ਸੀ। ਪਰ ਇਹ ਖਬਰਾਂ ਸੁਣ ਕੇ ਉਸ ਅੰਦਰ ਗੁੱਸਾ ਭਰਨਾ ਸ਼ੁਰੂ ਹੋ ਜਾਂਦਾ ਹੈ। ਉਸ ਦੀ ਹਾਲਤ ਕਿਸ ਤਰ੍ਹਾਂ ਦੀ ਹੋ ਗਈ ਸੀ। ਬਿੰਬ ਹੈ, "ਮੇਰੀ ਉਹ ਹਾਲਤ ਸੀ ਜੋ ਉਸ ਕੁੱਤੇ ਦੀ ਹੁੰਦੀ ਹੈ ਜਿਸ ਦੇ ਅੱਗੋਂ ਦੂਜਾ ਕੁੱਤਾ ਰੋਟੀ ਖਿਸਕਾ ਕੇ ਲੈ ਜਾਵੇ।" (ਪੰਨਾ 413.)

ਕਿਉਂਕਿ ਤਰੱਕੀਆਂ ਮੈਂ - ਪਾਤਰ ਦੇ ਦੋਸਤਾਂ ਨੇ ਹੀ ਦਿੱਤੀਆਂ ਸਨ ਜਿਸ ਵਿਚ ਮੈਂ ਪਾਤਰ ਨੂੰ ਬੇਧਿਆਨਾ ਹੀ ਕਰ ਦਿੱਤਾ ਗਿਆ ਸੀ।

'ਕੁਦੇਸੀ' ਕਹਾਣੀ ਵਿਚ ਰੂਸ ਤੋਂ ਆਇਆ ਮਹਿਮਾਨ ਪਹਿਲੀ ਵਾਰ ਭਾਰਤ ਵਿਚ ਲੱਗੇ ਫਲ ਦੇਖਦਾ ਹੈ ਤਾਂ ਵਿਸਮਾਦ ਵਿਚ ਆ ਜਾਂਦਾ ਹੈ। ਉਹ ਫਲ਼ਾਂ ਨੂੰ ਦੇਖ ਕੇ ਏਨਾ ਹੈਰਾਨ ਸੀ। ਇਸ ਬਾਰੇ ਬਿੰਬ ਹੈ, "ਜਿਵੇਂ ਕਿਸੇ ਨੂੰ ਡਾਕਟਰ ਨੂੰ ਪਹਿਲੀ ਵਾਰੀ ਇਹ ਪਤਾ ਲੱਗੇ ਕਿ ਬੱਚਾ ਕਿਸ ਤਰ੍ਹਾਂ ਜੰਮਦਾ ਹੇ।" (ਪੰਨਾ 417.)

ਕਹਾਣੀ 'ਪਾਰਸ' ਵਿਚ ਮੈਂ ਪਾਤਰ ਇਕ ਲੇਖਕ ਹੈ। ਉਹ ਆਪਣੇ ਬਾਰੇ ਦਸਦਾ ਹੈ ਕਿ ਸਾਨੂੰ ਲਿਖਣ ਵਾਲਿਆਂ ਨੂੰ ਲੇਖਕਾਂ ਦੀ ਸੰਗਤ ਵਿਚ ਬੜਾ ਅਨੰਦ ਆਉਂਦਾ ਹੈ। ਉਨ੍ਹਾਂ ਨਾਲ ਗੱਲਾਂ ਕਰਕੇ ਚੰਗਾ ਲੱਗਦਾ ਹੈ। ਬਿੰਬ ਹੈ, "ਸਾਡੀਆਂ ਕੋਲ ਬੈਠਿਆਂ ਬਿਨਾਂ ਮੂੰਹ ਖੋਲਿਆਂ ਵੀ ਗੱਲਾਂ ਹੋਈ ਜਾਂਦੀਆਂ ਨੇ ਜਿਵੇਂ ਡਾਕਟਰ ਬਿਨਾਂ ਮਰੀਜ਼ ਦੇ ਕੁੱਝ ਦਸਣ ਦੇ ਉਸ ਦਾ ਅੰਦਰ ਬੁੱਝ ਲੈਂਦਾ ਹੈ।" (ਪੰਨਾ 422.)

ਫਿਰ ਉਹ ਕਿਸੇ ਕਵਿਤਰੀ ਦੀ ਕਵਿਤਾ ਬਾਰੇ ਦੱਸਦਾ ਹੈ ਕਿ ਉਸ ਕਵਿਰਤੀ ਦੀ ਕਵਿਤਾ ਵਿਚੋਂ ਪਿਆਰ,ਸੁੰਦਰਤਾ ਤੇ ਖੁਲ੍ਹ ਇਸ ਤਰਾਂ ਦਿਖਾਈ ਦਿੰਦੀ ਹੈ। ਬਿੰਬ ਹੈ, "ਜਿਵੇਂ ਕਿਸੇ ਦੁਕਾਨਦਾਰ ਨੇ ਆਪਣੇ ਮਾਲ ਵਿਚੋਂ ਵਧੀਆ ਚੀਜ਼ਾ ਚੁਣ ਕੇ ਬਾਹਰ ਸ਼ੀਸੇ ਦੀ ਅਲਮਾਰੀ ਵਿਚ ਲਾਈਆਂ ਹੋਣ।" (ਪੰਨਾ 422.)

ਮੈਂ ਪਾਤਰ ਉਸ ਕਵਿਤਰੀ ਬਾਰੇ ਹੁਣ ਤਕ ਕਿਸ ਤਰ੍ਹਾਂ ਸੋਚਦਾ ਰਿਹਾ ਸੀ। ਬਿੰਬ ਹੈ, "ਉਸ ਬਾਰੇ ਮੇਰਾ ਨਕਸ਼ਾ ਕਵਿਤਾ ਦੀ ਦਾੜ੍ਹ ਹੇਠ ਆਈ ਸੋਹਲ ਜਿਹੀ ਕੁੜੀ ਦਾ ਸੀ,ਜਿਵੇਂ ਕਹਾਣੀਆਂ ਵਿਚ ਇਕ ਦੈਂਤ ਨੇ ਕਿਸੇ ਸੁੰਦਰੀ ਨੂੰ ਫੜ੍ਹ ਰਖਿਆ ਹੁੰਦਾ ਹੈ।" (ਪੰਨਾ 422.)

ਬਾਦ ਵਿਚ ਉਸ ਕਵਿਤਰੀ ਵੱਲੋਂ ਮੈਂ ਪਾਤਰ ਨੂੰ ਇਕ ਚਿੱਠੀ ਆਪਣੀਆਂ ਰਚਨਾਵਾਂ ਬਾਰੇ ਰਾਇ ਪੁੱਛਣ ਲਈ ਆਉਂਦੀ ਹੈ। ਉਸ ਦੀ ਚਿੱਠੀ ਮੈਂ ਪਾਤਰ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਉਸ ਬਾਰੇ ਬਿੰਬ ਹੈ, "ਮੈਂ ਆਪਣੇ ਸਵਾਦ ਵਿਚ ਡੁੱਬਿਆ ਬੈਠ ਗਿਆ ਜਿਸ ਤਰ੍ਹਾਂ ਜਲੇਬੀ ਚਾਸ਼ਨੀ ਦੇ ਹੇਠਾਂ ਬੈਠ ਜਾਂਦੀ ਹੈ।" (ਪੰਨਾ 423.)

ਕਹਾਣੀ 'ਨਮਸਕਾਰ' ਦਾ ਅੰਗਰੇਜ਼ ਪਾਤਰ ਮਲਿੰਗਟਨ ਭਾਰਤ ਵਿਚ ਆਪਣੀ ਨੌਕਰੀ ਪੂਰੀ ਕਰਕੇ ਲੰਡਨ ਵਾਪਸ ਚਲਾ ਗਿਆ ਸੀ। ਅੰਗਰੇਜ਼ੀ ਰਾਜ ਦੇ ਖਤਮ ਹੋ ਜਾਣ ਤੋਂ ਬਾਅਦ ਭਾਰਤ ਆਪਣੀ ਤੋਰ ਤੁਰਨ

ਲੱਗਿਆ। ਮਲਿੰਗਟਨ ਨਵੇਂ ਭਾਰਤ ਨੂੰ ਦੇਖਣ ਲਈ ਦੁਵਾਰਾ ਭਾਰਤ ਆਉਂਦਾ ਹੈ। ਹੋਰ ਵਿਦੇਸ਼ੀ ਵੀ ਭਾਰਤ ਨੂੰ ਇਸ ਲਈ ਦੇਖਣ ਆਉਂਦੇ ਸਨ ਕਿ ਦੁਨੀਆਂ ਦੇ ਦੋ ਵੱਡੇ ਧੜਿਆਂ ਵਿਚੋਂ ਭਾਰਤ ਕਿਸ ਨਾਲ ਰਲੇਗਾ। ਇਸ ਬਾਰੇ ਬਿੰਬ ਹੈ, "ਜਿਵੇਂ ਜੱਟਾਂ ਦੇ ਦੋ ਧੜੇ ਕਿਸੇ ਜਨਾਨੀ ਤੋਂ ਬਿਆਨ ਕਰਵਾਣ ਲਈ ਕਿਰਪਾਨਾਂ ਖਿੱਚੀ ਕਚਹਿਰੀ ਦੇ ਬਾਹਰ ਫਿਰਦੇ ਰਹਿੰਦੇ ਹਨ।" (ਪੰਨਾ 427.)

ਚੌਂਕ ਵਿਚ ਖੜ੍ਹੀ ਕੁੜੀ ਨੂੰ ਜਦੋਂ ਮਲਿੰਗਟਨ ਦੇਖਦਾ ਹੈ ਤਾਂ ਉਸ ਕੁੜੀ ਬਾਰੇ ਬਿੰਬ ਹੈ, "ਜਿਵੇਂ ਅੱਖਾਂ ਰਾਹੀਂ ਹੀ ਸਾਹ ਲੈ ਰਹੀ ਹੋਵੇ।" (ਪੰਨਾ 428.)

ਉਹ ਉਥੇ ਖੜ੍ਹੀ ਸਭ ਦੇ ਧਿਆਨ ਦਾ ਕੇਂਦਰ ਸੀ ਪਰ ਉਹ ਆਪ ਕਿਸੇ ਵੱਲ ਧਿਆਨ ਨਹੀਂ ਦੇ ਰਹੀ ਸੀ।

ਕਹਾਣੀ 'ਤਿੰਨ ਰੰਗ' ਹੋਸਟਲ ਵਿਚ ਪੰਦਰਾਂ ਸੋਲਾਂ ਸਾਲਾਂ ਦੇ ਰਹਿੰਦੇ ਮੁੰਡਿਆਂ ਲਈ ਔਰਤ ਇਕ ਦੂਰ ਦੀ ਚੀਜ਼ ਸੀ। ਸ਼ਹਿਰ ਦੇ ਕੰਪਨੀ ਬਾਗ ਵਿਚ ਲੇਡੀਜ਼ ਕਲੱਬ ਵਿਚ ਖੇਡਦੀਆਂ ਕੁੜੀਆਂ ਦਿਖਾਈ ਨਹੀਂ ਦਿੰਦੀਆਂ ਸਨ। ਕਦੇ ਕਦਾਈ ਕਿਸੇ ਕੁੜੀ ਦਾ ਪੱਲਾ ਬੈਡਮਿੰਟਨ ਖੇਡਦੀ ਦਾ ਕੰਧ ਉਤੋਂ ਦੀ ਉਛਲਦਾ ਜ਼ਰੂਰ ਦਿਖਾਈ ਦੇ ਜਾਂਦਾ। ਬੱਲੀ ਇਸ ਨੂੰ ਦੇਖਣ ਲਈ ਕੰਪਨੀ ਬਾਗ ਜਾਂਦਾ। ਬਿੰਬ ਹੈ, " ਜਿਸ ਤਰ੍ਹਾਂ ਮੱਛੀ ਦੇ ਉੱਚੀ ਹੋ ਕੇ ਟੁੱਭੀ ਮਾਰਨ ਨਾਲ ਪਾਣੀ ਵਿਚ ਲਹਿਰਾਂ ਦੇ ਚੱਕਰ ਸ਼ੁਰੂ ਹੋ ਜਾਂਦੇ ਹਨ ਇਸੇ ਤਰ੍ਹਾਂ ਚੁੰਨੀ ਦੀ ਇਸ ਝਲਕਾਰ ਨਾਲ ਕੋਲੋਂ ਲੰਘਦੇ ਬੱਲੀ ਦੀ ਮਚਲੀ ਹੋਈ ਕਲਪਨਾ ਕੁੜੀ ਦਾ ਕੱਦ ਬੁੱਤ ਨਕਸ਼ ਨੁਹਾਰ ਤੇ ਹਾਵ-ਭਾਵ ਨਿਖਾਰਨੇ ਸ਼ੁਰੂ ਹੋ ਜਾਂਦੇ।" (ਪੰਨਾ 432.)

ਕਹਾਣੀ 'ਮੈਂ ਹੁਣ ਬਹੁਤ ਖੁਸ਼ ਹਾਂ' ਦਾ ਮੈਂ ਪਾਤਰ ਦਸ ਸਾਲ ਪਹਿਲਾਂ ਇਕ ਦਫ਼ਤਰ ਵਿਚ ਜਦੋਂ ਪਹਿਲੇ ਦਿਨ ਗਿਆ ਸੀ ਤਾਂ ਉਸਦੇ ਨਾਲ ਲੱਗਦੀ ਕੁਰਸੀ ਤੇ ਜਿਹੜੀ ਕੁੜੀ ਬੈਠੀ ਸੀ। ਉਸ ਦਾ ਹੁਲੀਆ ਬਿਆਨ ਕੀਤਾ ਹੈ। ਬਿੰਬ ਹੈ, "ਕਲਰਕਾਂ ਵਿਚ ਬੈਠੀ ਉਹ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਕੋਈ ਵੱਡੀ ਐਕਟਰੈਸ ਫਿਲਮ ਵਿਚ ਫਾਲਤੂ ਕੰਮ ਕਰਨ ਵਾਲੇ ਲੋਕਾਂ ਵਿਚ ਆ ਬੈਠੀ ਹੋਵੇ।" (ਪੰਨਾ 443.)

ਉਸ ਕੁੜੀ ਬਾਰੇ ਦਫਤਰ ਵਿਚ ਅਨੇਕਾਂ ਕਿਸਮ ਦੀਆਂ ਗੱਲਾਂ ਹੁੰਦੀਆਂ ਸਨ। ਕਈ ਉਸਨੂੰ ਵੱਡੇ ਬੰਦਿਆਂ ਦੀ ਜਾਣਕਾਰ ਦੱਸਦੇ। ਬਿੰਬ ਹੈ," ਏਨੀ ਖਿੱਚ ਵਾਲੀ ਕੁੜੀ ਬਾਰੇ ਅਜਿਹੀਆਂ ਗੱਲਾਂ ਹੋਣੀਆਂ ਸੁਭਾਵਕ ਸਨ,ਜਦੋਂ ਬਿਜਲੀ ਲਿਸ਼ਕੇ ਤਾਂ ਬੱਦਲ ਵੀ ਤਾਂ ਗੱਜਦੇ ਹਨ।" (ਪੰਨਾ 443.)

ਪਰ ਦਸ ਸਾਲਾਂ ਬਾਦ ਕੁੜੀ ਪਹਿਲਾਂ ਵਰਗੀ ਨਹੀਂ ਰਹੀ ਸੀ। ਉਸ ਦੀ ਹੁਣ ਦੀ ਸਥਿਤੀ ਦਾ ਬਿਆਨ ਹੈ। ਬਿੰਬ ਹੈ, "ਜਿਥੇ ਦਸ ਸਾਲ ਪਹਿਲਾਂ ਮੈਂ ਉਸ ਕੁੜੀ ਨਾਲ ਕੋਈ ਨਿੱਕੀ ਗੱਲ ਕਰਨੀ ਊਠ ਟਪਣ ਦੇ ਬਰਾਬਰ ਸਮਝਦਾ ਸੀ ਹੁਣ ਇਹ ਕੰਮ ਬੜਾ ਪਧਰਾ ਚਲਦਾ ਸੀ।" (ਪੰਨਾ 444.)

'ਪਰਛਾਵਾਂ' ਕਹਾਣੀ ਦਾ ਮੈਂ ਪਾਤਰ ਦਿੱਲੀ ਨੌਕਰੀ ਕਰਦਾ ਸੀ। ਉਹ ਦਿੱਲੀ ਤੋਂ ਆਪਣੇ ਸ਼ਹਿਰ ਲੁਧਿਆਣੇ ਆ ਕੇ ਵਧੇਰੇ ਖੁਸ਼ ਹੁੰਦਾ ਹੈ। ਉਸ ਦੀ ਖੁਸ਼ੀ ਉਦੋਂ ਹੋਰ ਵੀ ਵਧ ਜਾਂਦੀ ਹੈ ਜਦੋਂ ਉਹ ਇਕ ਅਜਿਹੇ ਘਰ ਜਾਂਦਾ ਹੈ ਜਿਸ ਘਰ ਦੀ ਔਰਤ ਦੀ ਤੱਕਣੀ ਉਸਨੂੰ ਆਪਣੇਪਣ ਵਿਚ ਗੜੁੱਚ ਕਰ ਦਿੰਦੀ ਹੈ। ਉਸ ਬਾਰੇ ਬਿੰਬ ਹੈ, "ਜਿਵੇਂ ਮੈਂ ਸੁੰਦਰਤਾ ਦਾ ਦੇਵਤਾ ਹੋਵਾਂ ਜਾਂ ਇਸਤਰੀਆਂ ਦਾ ਦਿਲ ਧੜਕਣ ਵਾਲੀ ਕੋਈ ਮੂਰਤੀ ਜਾਂ ਬੱਚਿਆਂ ਲਈ ਖੇਡ ਦਾ ਬਾਵਾ।" (ਪੰਨਾ 449.)

'ਟੂਣਾ' ਕਹਾਣੀ ਦੇ ਪਾਤਰ ਜੱਜ ਨੂੰ ਜਦੋਂ ਇਕ ਪ੍ਰੋਫੈਸਰ ਕੁੜੀ ਆਪਣੀ ਪ੍ਰਿੰਸੀਪਲ ਦੇ ਕਹਿਣ ਤੇ ਕਾਲਜ ਦੇ ਇਨਾਮ ਵੰਡ ਸਮਾਗਮ ਵਿਚ ਸੱਦਾ ਦੇਣ ਆਉਂਦੀ ਹੈ ਤਾਂ ਜੱਜ ਉਸ ਦੇ ਸੁਹੱਪਣ ਦਾ ਕਾਇਲ ਹੋ ਜਾਂਦਾ ਹੈ। ਉਹ ਉਸਦੇ ਪ੍ਰਭਾਵ ਵਿਚ ਕਿੰਨਾ ਗ੍ਰਸਿਆ ਜਾਂਦਾ ਹੈ,ਉਹਦੇ ਬਾਰੇ ਬਿੰਬ ਹੈ "ਜਿਹੜੇ ਬੰਦੇ ਪੁਲਾੜ ਵਿਚ ਚਲੇ ਜਾਂਦੇ ਹਨ ਉਹ ਆਪਣੇ ਆਪ ਹੇਠਾਂ ਨਹੀਂ ਆ ਸਕਦੇ। ਧਰਤੀ ਜਿਹੜੀ ਹਰ ਸ਼ੈਅ ਨੂੰ ਆਪਣੇ ਵੱਲ ਖਿੱਚਦੀ ਹੈ ਉਨ੍ਹਾਂ ਨੂੰ ਖਿਚਣੋ ਹੱਟ ਜਾਂਦੀ ਹੈ। ਉਹ ਆਪਣੇ ਯੰਤਰ ਵਿਚ ਹੀ ਘੁੰਮੀ ਜਾਂਦੇ ਹਨ।" (ਪੰਨਾ 469.)

ਜੱਜ ਕਹਿੰਦਾ ਹੈ ਕਿ ਮੈਂ ਵੀ ਇਸੇ ਤਰ੍ਹਾਂ ਘੁੰਮੀ ਜਾਂਦਾ ਸੀ। ਇਸ ਦੁਨੀਆਂ ਨਾਲੋਂ ਮੇਰਾ ਸਬੰਧ ਟੁੱਟ ਗਿਆ ਲੱਗਦਾ ਸੀ। ਫਿਰ ਜੱਜ ਉਸ ਕੁੜੀ ਨਾਲ ਨੇੜਤਾ ਬਣਾ ਲੈਂਦਾ ਹੈ ਤੇ ਉਸਨੂੰ ਇਕ ਦਿਨ ਹੋਟਲ ਵਿਚ ਮਿਲਣੀ ਲਈ ਬਲਾਉਂਦਾ ਹੈ। ਉਹ ਉਸ ਕੁੜੀ ਤੋਂ ਆਪਣੇ ਬਾਰੇ ਜਾਨਣਾ ਚਾਹੁੰਦਾ ਸੀ ਕਿ ਉਹ ਉਸ ਨੂੰ ਕਿੰਨਾ ਕੁ ਪਸੰਦ ਕਰਦੀ ਹੈ। ਪਰ ਉਹ ਕੁੱਝ ਵੀ ਜਾਨਣ ਤੋਂ ਅਸਮਰਥ ਸੀ। ਬਿੰਬ ਹੈ, "ਉਸ ਦੀਆਂ ਗੱਲਾਂ ਤੋਂ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਦੀ ਸੋਚ ਦਾ ਤੇ ਉਸ ਦੀ ਪਹੁੰਚ ਦਾ ਕੋਈ ਹੱਦ ਬੰਨਾ ਹੀ ਨਾ ਹੋਵੇ ਜਿਵੇਂ ਉਡਦੇ ਪੰਛੀ ਦਾ ਪਤਾ ਨਹੀਂ ਹੁੰਦਾ ਕਿ ਉਹ ਅਗਲੇ ਖੇਤ ਦੀ ਵੱਟ ਉਤੇ ਬੈਠੇਗਾ,ਚਾਰ ਖੇਤ ਬਾਗ ਵਿਚ ਜਾਂ ਅਗਲੇ ਪਿੰਡ ਦੀਆਂ ਸਮਾਧਾਂ ਦੇ ਝੁੰਡ ਵਿਚ।" (ਪੰਨਾ 471.)

ਉਸ ਕੁੜੀ ਨਾਲ ਗੱਲਾਂ ਕਰਨ ਤੋਂ ਬਾਦ ਜੱਜ ਉਸਦੀ ਗ੍ਰਿਫਤ ਵਿਚੋਂ ਨਿਕਲ ਜਾਂਦਾ ਹੈ। ਉਹ ਉਸਦੇ ਵਿਚਾਰ ਜਾਣ ਗਿਆ ਸੀ ਤੇ ਪਹਿਲਾਂ ਵਾਲੀ ਸਥਿਤੀ ਵਿਚ ਪਰਤ ਰਿਹਾ ਸੀ। ਇਹਦੇ ਬਾਰੇ ਬਿੰਬ ਹੈ, "ਧਰਤੀ ਜਦੋਂ ਕਾਲੇ ਬੱਦਲਾਂ ਦੀ ਲਪੇਟ ਵਿਚ ਹੋਵੇ, ਬਿਜਲੀ ਕੜਕਦੀ ਹੋਵੇ ਤਾਂ ਹੋਰ ਤਰ੍ਹਾਂ ਲੱਗਦਾ ਹੈ, ਫਿਰ ਕਣੀਆਂ ਪੈਣ ਨਾਲ ਬੱਦਲਾਂ ਦੀ ਪਕੜ ਕੁੱਝ ਢਿੱਲੀ ਹੋ ਜਾਂਦੀ ਹੈ। ਆਲਾ ਦੁਆਲਾ ਕੁੱਝ ਸਾਫ ਦਿਸਣ ਲੱਗਦਾ ਹੈ। ਆਪਣੀ ਅਸਲ ਸ਼ਕਲ ਵਿਚ।" (ਪੰਨਾ 471.)

ਕਹਾਣੀ 'ਸੌਂਕਣ' ਦੇ ਮੈਂ ਪਾਤਰ ਦੇ ਦਫਤਰ ਵਿਚ ਨਾਲ ਵਾਲੀ ਕੁਰਸੀ ਇਕ ਸੋਹਣੀ ਕੁੜੀ ਦੀ ਸੀ। ਜਦੋਂ ਅਫਸਰ ਕਦੇ ਬਾਹਰ ਗਿਆ ਹੁੰਦਾ ਤਾਂ ਉਹ ਮੈਂ ਪਾਤਰ ਕੋਲ ਬੈਠ ਕੇ ਗੱਲਾਂ ਕਰਨ ਲੱਗ ਜਾਂਦੀ। ਉਸ ਬਾਰੇ ਬਿੰਬ ਹੈ, "ਉਸ ਨਾਲ ਗੱਲਬਾਤ ਆਪੇ ਹੀ ਛਿੜੀ ਰਹਿੰਦੀ ਜਿਸ ਤਰ੍ਹਾਂ ਕੁੱਛੜ ਵਾਲੇ ਬਾਲ ਨਾਲ ਮਾਂ ਦੀ। ਉਹ ਜੋ ਵੀ ਬੋਲਦੀ ਦਿਲਚਸਪ ਹੁੰਦਾ।" (ਪੰਨਾ 473.)

ਮੈਂ ਪਾਤਰ ਇਕ ਦਿਨ ਅਫਸਰ ਦੀ ਗੈਰ ਹਾਜ਼ਰੀ ਵਿਚ ਉਸ ਨਾਲ ਦਫਤਰ ਵਿਚ ਬੀਅਰ ਪੀਣ ਦਾ ਪ੍ਰੋਗਰਾਮ ਬਣਾ ਲੈਂਦਾ ਹੈ। ਓਹ ਇਸ ਖਿਆਲ ਨਾਲ ਕਿਸ ਤਰ੍ਹਾਂ ਖੁਸ਼ ਸੀ। ਬਿੰਬ ਹੈ, "ਜਿਵੇਂ ਕਿਸੇ ਨਿਆਣੇ ਨੂੰ ਖਾਲ ਵਿਚੋਂ ਅਪਣੇ ਬੁੱਕ ਨਾਲ ਪਾਣੀ ਪਿਆਈਏ ਤੇ ਬਾਹਰ ਪੀਣਾ ਇਸ ਤਰ੍ਹਾਂ ਜਿਵੇਂ ਤੰਦੂਰ ਵਾਲੇ ਨੂੰ ਆਖੀਏ,ਭਾਈ ਮੇਰੇ ਨਿਆਣੇ ਲਈ ਇਕ ਗਲਾਸ ਪਾਣੀ ਦੇ ਦੇ।" (ਪੰਨਾ 472.)

ਬੀਅਰ ਪੀਣ ਦੇ ਪ੍ਰੋਗਰਾਮ ਤੋਂ ਪਹਿਲਾਂ ਦਫਤਰ ਦੀ ਇਕ ਹੋਰ ਕੁੜੀ ਮੈਂ ਪਾਤਰ ਕੋਲ ਆ ਕੇ ਬੈਠ ਗਈ। ਇਸ ਨੂੰ ਦੇਖ ਕੇ ਪਹਿਲੀ ਕੁੜੀ ਨਰਾਜ਼ ਹੋ ਗਈ। ਉਹ ਕਮਰੇ ਵਿਚੋਂ ਗੁੱਸੇ ਨਾਲ ਉੱਠ ਕੇ ਚਲੀ ਗਈ। ਉਸਦੇ ਜਾਂਦੀ ਦੇ ਕੱਟੇ ਹੋਏ ਵਾਲ ਪਿਛੋਂ ਕਿਸ ਤਰ੍ਹਾਂ ਲੱਗਦੇ ਸਨ। ਬਿੰਬ ਹੈ, "ਜਿਵੇਂ ਗੁੱਸੇ ਨਾਲ ਖੜ੍ਹੇ ਹੋ ਕੇ ਸੂਲਾਂ ਬਣ ਗਏ ਹੋਣ।" (ਪੰਨਾ 477.)

'ਲੇਬਰ ਚੌਂਕ' ਕਹਾਣੀ ਵਿਚ ਲੇਖਕ ਦੱਸਦਾ ਹੈ ਕਿ ਭਾਰਤ ਵਿਚ ਦਿਹਾੜੀਦਾਰ ਲੋਕ ਲੇਬਰ ਚੌਂਕ ਵਿਚ ਖੜ੍ਹਦੇ ਹਨ। ਇਸੇ ਤਰ੍ਹਾਂ ਥਾਈਲੈਂਡ ਵਿਚ ਕਿਸੇ ਬਾਰ ਜਾਂ ਮਾਲਸ਼ ਘਰ ਵਿਚ ਜਿਨ੍ਹਾਂ ਨੂੰ ਨੌਂਕਰੀ ਨਹੀਂ ਮਿਲੀ ਹੁੰਦੀ ਉਹ ਔਰਤਾਂ ਚੌਂਕ ਵਿਚ ਖੜ੍ਹਦੀਆਂ ਹਨ ਤੇ ਆਪਣੇ ਗਾਹਕ ਉਡੀਕਦੀਆਂ ਹਨ। ਇਸੇ ਤਰ੍ਹਾਂ ਥਾਈਲੈਂਡ ਦੇ ਇਕ ਚੌਂਕ ਵਿਚ ਪੱਕੇ ਰੰਗ ਦੀ ਕੁੜੀ ਖੜ੍ਹੀ ਹੈ। ਉਹ ਉਥੇ ਖੜ੍ਹੀ ਹਰ ਇਕ ਵੱਲ ਇਸ ਤਰ੍ਹਾਂ ਦੇਖਦੀ ਹੈ ਜਿਵੇਂ ਕੋਈ ਗੱਲ ਕਰਨ ਨੂੰ ਕਹਿ ਰਹੀ ਹੋਵੇ। ਉਸ ਬਾਰੇ ਬਿੰਬ ਹੈ, "ਉਹ ਪਿੰਡ ਦੀ ਸ਼ਾਮਲਾਟ ਭੋਇਂ ਵਿਚ ਸੇਊ ਬੇਰੀ ਵਾਂਗ ਹੈ ਉਸਨੂੰ ਕੋਈ ਪੁੱਟ ਨਹੀਂ ਸਕਦਾ। ਨਾ ਹੀ ਕੋਈ ਕਿਸੇ ਨੂੰ ਬੇਰ ਖਾਣੋਂ ਰੋਕ ਸਕਦਾ ਸੀ।" (ਪੰਨਾ 487.)

'ਪਾਪਣ' ਕਹਾਣੀ ਵਿਚ ਮੈਂ ਪਾਤਰ ਆਪਣੀ ਦਾਦੀ ਦਾ ਇਲਾਜ ਸ਼ਹਿਰ ਆੜਤੀਏ ਦੇ ਘਰ ਰਹਿ ਕੇ ਕਰਵਾਉਂਦਾ ਹੈ। ਆੜਤੀਏ ਦੀ ਭਰਜਾਈ ਦਾ ਮੁੰਡਾ ਬਿਮਾਰ ਸੀ। ਮੈਂ ਪਾਤਰ ਉਸ ਮੁੰਡੇ ਦੀ ਸੰਭਾਲ ਦਾ ਜਿੰਮਾਂ ਅਪਣੇ ਉਪਰ ਲੈ ਲੈਂਦਾ ਹੈ। ਇਸ ਨਾਲ ਭਰਜਾਈ ਨੂੰ ਰਾਹਤ ਮਿਲਦੀ ਹੈ। ਇਕ ਵਾਰ ਭਰਜਾਈ ਦੀ ਲੱਤ ਤੇ ਧੱਫੜ ਹੋ ਗਿਆ। ਉਹ ਮੈਂ ਪਾਤਰ ਨੂੰ ਧੱਫੜ ਦਿਖਾਉਂਦੀ ਹੈ। ਮੈਂ ਪਾਤਰ ਨੇ ਇਸ ਤੋਂ ਪਹਿਲਾਂ ਕਦੇ ਕਿਸੇ ਔਰਤ ਦੀਆਂ ਏਨੀਆਂ ਗੋਰੀਆਂ ਲੱਤਾਂ ਨੰਗੀਆਂ ਨਹੀਂ ਦੇਖੀਆਂ ਸਨ। ਬਿੰਬ ਹੈ,"ਇਸ ਸਾਰੇ ਕੁੱਝ ਤੋਂ ਮੈਨੂੰ ਇਸ ਤਰ੍ਹਾਂ ਲੱਗਦਾ ਜਿਵੇਂ ਘਾਹ ਵਾਲੀ ਕਿਸੇ ਵੱਡੀ ਰੱਖ ਵਿਚ ਮੈਨੂੰ ਆਪਣੀਆਂ ਮੱਝਾਂ ਚਾਰਨ ਦੀ ਖੁੱਲ੍ਹ ਮਿਲ ਗਈ ਹੋਵੇ।" (ਪੰਨਾ 492.)

ਕਹਾਣੀ 'ਜੁੱਤੀ' ਵਿਚ ਮੈਂ ਪਾਤਰ ਨੂੰ ਇਕ ਔਰਤ ਕੁੱਝ ਸਾਲਾਂ ਬਾਅਦ ਦੁਬਾਰਾ ਮਿਲਦੀ ਹੈ। ਹੁਣ ਉਹ ਕਾਫੀ ਬੁੱਢੀ ਲੱਗ ਰਹੀ ਸੀ ਜਦੋਂ ਕਿ ਪਹਿਲਾਂ ਮੈਂ ਪਾਤਰ ਨਾਲੋਂ ਵਧੇਰੇ ਜਵਾਨ ਲੱਗਦੀ ਸੀ। ਬਿੰਬ ਹੈ, "ਬੁੱਢਾ ਤਾਂ ਮੈਂ ਵੀ ਹੋ ਰਿਹਾ ਸੀ ਪਰ ਉਸ ਦਾ ਤੇ ਬਸ ਕੰਮ ਖਤਮ ਲੱਗਦਾ ਸੀ ਜਿਵੇਂ ਵਿਸਾਖ ਜੇਠ ਵਿਚ ਦਰਿਆ ਸੁੱਕ ਗਿਆ ਹੁੰਦਾ ਹੈ ਤੇ ਉਸ ਦਾ ਲਾਂਘਾ ਭਾਂ ਭਾਂ ਕਰਦਾ ਹੈ। ਪਰ ਉਥੇ ਤਾਂ ਛੇਤੀ ਫਿਰ ਪਾਣੀ ਆ ਜਾਣ ਦੀ ਆਸ ਹੁੰਦੀ ਹੈ ਇਹ ਤਾਂ ਇਸ ਤਰ੍ਹਾਂ ਹੋਇਆ ਸੀ,ਜਿਵੇਂ ਮੱਖਣ ਗਰਮੀ ਨਾਲ ਪੰਘਰ ਕੇ ਆਪਣੀ ਸ਼ਕਲ ਗਵਾ ਬਹਿੰਦਾ ਹੈ। ਉਹ ਪਛਾਣਿਆ ਤੇ ਜਾਂਦਾ ਹੈ ਪਰ ਮੁੜ ਕੇ ਉਸ ਕਦੀ ਮਖਣ ਨਹੀਂ ਬਣਨਾ ਹੁੰਦਾ।" (ਪੰਨਾ 459.)

'ਨਵਾਂ ਲੌਂ' ਕਹਾਣੀ ਦੇ ਚਰਨੂੰ ਦਾ ਵਿਆਹ ਲੇਟ ਹੋਇਆ ਸੀ। ਉਸਦਾ ਛੋਟਾ ਭਰਾ ਉਸਤੋਂ ਪਹਿਲਾਂ ਵਿਆਹਿਆ ਗਿਆ ਸੀ। ਚਰਨੂੰ ਨਾਲ ਮੱਝਾਂ ਚਾਰਦਿਆਂ ਮੈਂ ਪਾਤਰ ਉਸ ਕੋਲੋਂ ਉਸਦੀ ਨਵੀਂ ਵਹੁਟੀ ਦੀਆਂ ਗੱਲਾਂ ਸੁਣਨਾ ਚਹੁੰਦਾ ਸੀ। ਚਰਨੂੰ ਉਸਨੂੰ ਸੁਣਾਉਣ ਲਈ ਗੱਲਾਂ ਸੋਚਦਾ ਹੋਇਆ ਖੁਸ਼ ਤਾਂ ਹੈ ਪਰ ਕੋਈ ਗੱਲ ਸੁਣਾਉਂਦਾ ਨਹੀਂ। ਉਸ ਦੀ ਉਸ ਵੇਲੇ ਦੀ ਸਥਿਤੀ ਬਾਰੇ ਬਿੰਬ ਹੈ, "ਜਿਵੇਂ ਉਹ ਹੀਰਿਆਂ ਦੀ ਭਰੀ ਹੋਈ ਡੱਬੀ ਫੋਲ ਰਿਹਾ ਹੋਵੇ। ਹੀਰੇ ਤੇ ਇਸ ਵਿਚ ਰੜਕਦੇ ਸਨ ਪਰ ਉਸ ਦੇ ਹੱਥੋਂ ਤਿਲਕ ਜਾਂਦੇ ਸਨ ਤੇ ਕੋਈ ਹੱਥ ਵਿਚ ਨਹੀਂ ਸੀ ਆਉਂਦਾ।" (ਪੰਨਾ 500.)

ਫਿਰ ਕੁੱਝ ਸੋਚ ਕੇ ਚਰਨੂੰ ਮੈਂ ਪਾਤਰ ਨੂੰ ਕਹਿੰਦਾ ਕਿ ਗੱਲਾਂ ਉਹ ਨਹੀਂ ਮੈਂ ਸੁਣਾਉਂਦਾ ਹਾਂ ਉਹ ਤਾਂ ਬਸ ਸੁਣਦੀ ਰਹਿੰਦੀ ਹੈ। ਬਿੰਬ ਹੈ, "ਚਰਨੂੰ ਨੇ ਕਿਹਾ ਕਿ ਪਹਿਲਾਂ ਗੱਲਾਂ ਫੁੱਟਦੀਆਂ ਹੀ ਨਹੀਂ ਸਨ ਜਦੋਂ ਕੋਈ ਸੁਣਨ ਵਾਲਾ ਨਹੀਂ ਸੀ। ਹੁਣ ਤਾਂ ਇਸ ਤਰ੍ਹਾਂ ਫੁੱਟਦੀਆਂ ਨੇ ਜਿਵੇਂ ਜਵਾਰ ਦਾ ਨਵਾਂ ਲੌਂ ਫੁਟਦਾ ਏ। ਹਰ ਮੁੱਢ ਵਿਚੋਂ ਨਵੀਂ ਕਰੂੰਬਲ। ਵੱਢ ਵਾਂਗ,ਵਢ ਈ ਹੁੰਦਾ ਏ ਨਾ ਜਵਾਰ ਦਾ ਵੀ।" (ਪੰਨਾ 503.)

'ਅਸਤਬਾਜ਼ੀ' ਕਹਾਣੀ ਵਿਚ ਕੁੱਝ ਦੋਸਤ ਇਕੱਠੇ ਬੈਠੈ ਸ਼ਰਾਬ ਪੀ ਰਹੇ ਸਨ। ਉਨ੍ਹਾਂ ਦੀ ਸਾਰਥਕ ਗੱਲਬਾਤ ਸ਼ੁਰੂ ਨਹੀਂ ਹੋ ਰਹੀ ਸੀ। ਉਸ ਬਾਰੇ ਬਿੰਬ ਹੈ, "ਬੱਸ ਗੱਲਾਂ ਇਹੋ ਜਿਹੀਆਂ ਹੋ ਰਹੀਆਂ ਸਨ ਜਿਹੋ ਜਿਹੀਆਂ ਮੇਲੇ ਤੋਂ ਮੁੜ ਕੇ ਆਉਂਦੇ ਲੋਕ ਕਰਦੇ ਹਨ, ਮੇਲੇ ਨੂੰ ਜਾਂਦੇ ਲੋਕ ਨਹੀਂ।" (ਪੰਨਾ 504.)

'ਨਿਕੜਮਾ' ਕਹਾਣੀ ਵਿਚ ਮੈਂ ਪਾਤਰ ਤੇ ਉਸਦਾ ਦੋਸਤ ਇਕ ਰੀਟਾਇਰ ਸੂਬੇਦਾਰ ਦੇ ਘਰ ਮਹਿਮਾਨ ਬਣਕੇ ਰਹਿੰਦੇ ਹਨ। ਉਹ ਚੁਬਾਰੇ ਵਿਚ ਬੈਠੈ ਹਨ ਹੇਠਾਂ ਵਿਹੜੇ ਵਿਚ ਘਰ ਦੀਆਂ ਸੁਆਣੀਆਂ ਕੰਮ ਕਰਦੀਆਂ ਦਿਖਾਈ ਦਿੰਦੀਆਂ ਹਨ। ਇਕ ਕਾਲੇ ਦੁਪੱਟੇ ਵਾਲੀ ਕੁੜੀ ਚੁਲ੍ਹੇ ਅੱਗੇ ਜਦੋਂ ਵੀ ਜਾਂਦੀ ਦਿਖਾਈ ਦੇ ਜਾਂਦੀ ਤਾਂ ਮੈਂ ਪਾਤਰ ਦਾ ਦੋਸਤ ਸਾਰਾ ਧਿਆਨ ਇਕਾਗਰ ਚਿਤ ਹੋ ਕੇ ਉਸ ਕੁੜੀ ਵੱਲ ਲਗਾ ਲੈਂਦਾ। ਉਹਦੇ ਬਾਰੇ ਬਿੰਬ ਹੈ, "ਜਿਵੇਂ ਉਸਨੂੰ ਹਵਾ ਵਿਚ ਘੋਲ ਕੇ ਅੰਦਰ ਲੰਘਾਂ ਰਿਹਾ ਹੋਵੇ। ਜਿਵੇਂ ਕੁੜੀ ਦੇ ਬਾਹਰ ਨਿਕਲਣ ਨਾਲ ਸਾਰੇ ਘਰ ਤੇ ਸੋਨੇ ਦਾ ਪਾਣੀ ਚੜ੍ਹ ਜਾਂਦਾ।" (ਪੰਨਾ 509.)

ਕਹਾਣੀ 'ਪੂਰਨ ਦਾ ਭਗਤ' ਦਾ ਮੈਂ ਪਾਤਰ ਆਪਣੇ ਇਕ ਦੋਸਤ ਕੁੜੀ ਨੂੰ ਮਿਲਣ ਕਿਸੇ ਬਸਤੀ ਵਿਚ ਜਾਂਦਾ ਹੁੰਦਾ ਸੀ। ਉਹ ਕੁੜੀ ਇਕੱਲੀ ਰਹਿੰਦੀ ਸੀ। ਮੈਂ ਪਾਤਰ ਦੇ ਮਨ ਅੰਦਰ ਗੁਆਂਢੀਆਂ ਦਾ ਡਰ ਹੈ ਕਿ ਪਤਾ ਨਹੀਂ ਕੀ ਸੋਚਦੇ ਹੋਣਗੇ। ਪਰ ਘਰ ਦੇ ਅੰਦਰ ਜਾ ਕੇ ਉਹ ਆਪਣੇ ਆਪ ਨੂੰ ਘਰ ਦਾ ਮਾਲਕ ਸਮਝਦਾ ਹੈ। ਉਸਦੀ ਘਰ ਅੰਦਰ ਜਾਣ ਤੋਂ ਬਾਅਦ ਦੀ ਹਾਲਤ ਬਾਰੇ ਬਿੰਬ ਹੈ, "ਪੁਰਾਣੇ ਕਿੱਸੇ ਕਹਾਣੀਆਂ ਵਾਂਗ ਮੈਨੂੰ ਇਸ ਤਰ੍ਹਾਂ ਲਗਦਾ ਜਿਵੇਂ ਜਾਦੂ ਦੀ ਫੂਹੜੀ ਉਤੇ ਬਹਿ ਕੇ ਕਿਸੇ ਨਿਆਰੇ ਦੇਸ਼ ਆ ਗਿਆ ਹਾਂ ਤੇ ਉਥੋਂ ਦਾ ਬਾਦਸ਼ਾਹ ਬਣ ਗਿਆ ਹਾਂ। ਇਹ ਇਕ ਵਚਿੱਤਰ ਦੁਨੀਆਂ ਸੀ ਇਸ ਦਾ ਨਾ ਕੋਈ ਮੁੱਢ, ਨਾ ਕੋਈ ਅੰਤ। ਇਹ ਖੇਤੀ ਨਾ ਬੀਜਣੀ ਪੈਂਦੀ ਨਾ ਵਢਣੀ। ਬਸ ਦਾਣੇ ਹੀ ਦਾਣੇ। ਕਦੀ-ਕਦੀ ਮੈਂ ਦਿੱਲੀ ਦੇ ਤਖਤ ਤੇ ਬੈਠਾ ਮਹਿਸੂਸ ਕਰਦਾ।" (ਪੰਨਾ 520.)

ਕੁੜੀ ਕਈ ਵਾਰ ਮੈਂ ਪਾਤਰ ਨੂੰ ਆਪਣੇ ਗੁਆਂਢੀਆਂ ਵੱਲੋਂ ਦਿੱਤੀਆਂ ਜਾਂਦੀਆਂ ਤਕਲੀਫਾਂ ਬਾਰੇ ਦੱਸਦੀ ਜਿਵੇਂ ਕੋਈ ਉਸ ਦੇ ਘਰ ਅੱਗੇ ਗੰਦ ਸੁੱਟ ਗਿਆ, ਕਦੇ ਕਿਸੇ ਨੇ ਮੱਝ ਰੱਖ ਲਈ ਉਹਦੀ ਬੋ ਆਉਂਦੀ ਹੈ। ਮੈਂ ਪਾਤਰ ਇਹ ਸੁਣ ਕੇ ਕੀ ਮਹਿਸੂਸ ਕਰਦਾ ਹੈ ਉਸ ਬਾਰੇ ਬਿੰਬ ਹੈ, "ਮੈਂ ਦੋ ਪੈਗ ਹੋਰ ਪੀ ਲੈਂਦਾ। ਇਸ ਨਾਲ ਸਹਾਇਤਾ ਮਿਲਦੀ ਜਿਵੇਂ ਕੋਈ ਵਡਾ ਮੀਂਹ ਛੋਟੇ ਸ਼ਹਿਰਾਂ ਦਾ ਸਾਰਾ ਗੰਦ ਧੋ ਦੇਂਦਾ ਹੈ।" (ਪੰਨਾ 521.)

ਸੋ ਇਸ ਪ੍ਰਕਾਰ ਵਿਰਕ ਦੀਆਂ ਕਹਾਣੀਆਂ ਸ਼ਹਿਰੀ ਸਮਾਜ ਦੀਆਂ ਕਹਾਣੀਆਂ ਵਧੇਰੇ ਹਨ ਪਰ ਇਨ੍ਹਾਂ ਵਿਚ ਵਰਤੇ ਗਏ ਬਿੰਬ ਪੇਂਡੂ ਸਮਾਜ ਵਿਚੋਂ ਲਏ ਗਏ ਹਨ। ਜੋ ਵਿਰਕ ਨੂੰ ਸ਼ਹਿਰੀ ਹੋਣ ਦੇ ਬਾਵਜੂਦ ਵੀ ਪੇਂਡੂ ਸਮਾਜ ਨਾਲ ਜੋੜ ਦਿੰਦੇ ਹਨ।

**ਹਵਾਲੇ :**


1. C.D.Lewis, **The Poetic Image**, Jonathan cape thirty Bedford square, LONDON, 1961, P.18
2. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਵੱਲੋਂ ਦਿੱਤਾ ਹਵਾਲਾ, **ਕਾਵਿ ਦੇ ਤੱਤ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970, ਪੰਨਾ 102
3. C.D.Lewis, **The Poetic Image,** Jonathan cape thirty Bedford square, LONDON, 1961, P.18
4. C.D.Lewis, **The Poetic Image,** Jonathan cape thirty Bedford square, LONDON, 1961, P.18
5. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਵੱਲੋਂ ਦਿੱਤਾ ਹਵਾਲਾ, **ਕਾਵਿ ਦੇ ਤੱਤ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970, ਪੰਨਾ 117


◈